ੴ ਸਤਿਗੁਰ ਪ੍ਰਸਾਦਿ ॥

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਅਤੇ ਸਿੱਖ ਭਲਾ ਸਰਬੱਤ ਦਾ ਲੋਚੇ

# ਵਿਸ਼ਵ ਸਿੱਖ ਬੁਲੇਟਿਨ

**Vishav Sikh Bulletin**

ਜੁਲਾਈ 2004 | ਸਾਵਣ 536 ਨਾਨਕਸ਼ਾਹੀ | ਚੰਡੀਗੜ੍ਹ | ਸਾਲ-1 ਅੰਕ-7

## ਇਸ ਅੰਕ ਵਿੱਚ


1. ਸੰਪਾਦਕ ਦੀ ਕਲਮ ਤੋਂ ....................... 1
2. ਸ਼੍ਰੋਮਣੀ ਕਮੇਟੀ ਚੋਣਾਂ ਨੂੰ ਸਮਝੋ ........ *ਡਾ. ਗੁਰਸ਼ਰਨ ਜੀਤ ਸਿੰਘ* 5
3. ਠਹਿਰੋ, ਸੋਚੋ ਤੇ ਚੁਣੋ ਸਿਰਦਾਰ ਕੋਈ ... *ਗਿ: ਧਰਮ ਸਿੰਘ ਭੰਖਰਪੁਰ* 7
4. ਵਿਚਾਰੇ ਸ਼੍ਰੋਮਣੀ ਕਮੇਟੀ ਮੈਂਬਰ ....... *ਤਰਲੋਚਨ ਸਿੰਘ ਦੁਪਾਲਪੁਰ* 8
5. ਮਹਾਨ ਸਾਇੰਸਵੇਤਾ ਗੁਰੂ ਨਾਨਕ...... *ਸਰੂਪ ਸਿੰਘ ਨਾਰੰਗ, ਯੂ.ਕੇ.* 9
6. ਗੁਰੂ ਅਤੇ ਗੁਰ ਪੁਰਬ ..................... *ਅਮਰਜੀਤ ਸਿੰਘ ਚੰਦੀ* 15
7. 'ਮਸਕੀਨ' ਦੀ ਮੀਣੀ ਚਾਲ ..................... *ਸੁਰਜੀਤ ਸਿੰਘ* 17
8. ਇਹ ਗੁਰੂ ਦੀਆਂ ਗੋਲਕਾਂ ਕਿੱਥੇ ! ....... *ਗੁਰਚਰਨ ਸਿੰਘ ਮਿਸ਼ਨਰੀ* 21
9. ਹਿੰਦੂਆਂ ਦਾ ਜਾਤੀ ਵਰਣਨਾਮਾ ....... *ਡਾ. ਜਸਬੀਰ ਸਿੰਘ ਸਰਨਾ* 25
10. ਕਿਛੁ ਸੁਣੀਐ ਕਿਛੁ ਕਹੀਐ ...................................... 27
11. ਜਾਤ ਪਾਤ ਤੇ ਸਿੱਖ .................. *ਸਰਦਾਰ ਜਗਜੀਤ ਸਿੰਘ* 30


**ਸੰਪਾਦਕ:**
ਗੁਰਤੇਜ ਸਿੰਘ
**ਸੰਪਾਦਕੀ ਸਲਾਹਕਾਰ:**
ਹਰਦੇਵ ਸਿੰਘ ਸ਼ੇਰਗਿੱਲ,
ਗੁਰਪਾਲ ਸਿੰਘ ਖਹਿਰਾ,
ਹਰਸ਼ਿੰਦਰ ਸਿੰਘ
**ਸਹਿਯੋਗੀ (ਪ੍ਰੋਡਕਸ਼ਨ):**
ਗੁਰਚਰਨ ਸਿੰਘ

ਮੁੱਲ -5 ਰੁਪਏ; ਸਾਲਾਨਾ ਚੰਦਾ 60 ਰੁਪਏ
**ਚੰਦਾ ਕੇਵਲ ਮਨੀ ਆਰਡਰ ਜਾਂ ਬੈਂਕ ਡਰਾਫਟ ਰਾਹੀਂ 'Vishav Sikh Bulletin' ਦੇ ਨਾਂ 'ਤੇ ਹੀ ਭੇਜਿਆ ਜਾਵੇ ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ।**

**ਸੰਪਰਕ, ਟਿੱਪਣੀਆਂ ਅਤੇ ਸੁਝਾਅ ਲਈ ਪਤਾ:**
742, ਸੈਕਟਰ 8-ਬੀ, ਚੰਡੀਗੜ੍ਹ – 160 009.
ਫੋਨ: *0172-3091414*
**E-Mail:** vsbpb@yahoo.co.in
**Also available at Website:www.sikhbulletin.com**

ਬੁਲੇਟਿਨ ਵਿੱਚ ਛਪੇ ਵਿਚਾਰ ਸਬੰਧਤ ਲੇਖਕਾਂ ਦੇ ਆਪਣੇ ਹਨ। ਸੰਪਾਦਕ ਦਾ ਇਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**ਸੰਪਾਦਮ ਦੀ ਕਲਮ ਤੋਂ**

## ਗਰੀਬ ਸਿੱਖਾਂ ਦੇ ਹੱਕ ਲੁਟੇਰਿਆਂ ਦੇ ਹੱਥ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚੋਂ ਗੁਰਦੁਆਰਾ ਐਕਟ ਦੀ ਧਾਰਾ 45 ਅਧੀਨ ਚੋਣਾਂ ਲੜ ਰਹੇ ਬਾਦਲ ਅਕਾਲੀ ਦਲ (ਪੰਜਾਬੀ ਪਾਰਟੀ) ਦੇ ਤਿੰਨ ਵੱਡੇ ਨੇਤਾਵਾਂ ਨੂੰ ਚੋਣ ਪ੍ਰਕ੍ਰਿਆ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਇਹਨਾਂ ਉੱਤੇ ਇਲਜ਼ਾਮ ਹਨ ਕਿ ਇਹਨਾਂ ਨੇ ਸ਼੍ਰੋਮਣੀ ਕਮੇਟੀ ਦਾ ਲੱਖਾਂ ਰੁਪਿਆ ਦੇਣਾ ਹੈ ਏਸ ਲਈ ਇਹ ਚੋਣ ਲੜਨ ਦੇ ਯੋਗ ਨਹੀਂ ਹਨ। ਅਯੋਗ ਕਰਾਰ ਦਿੱਤੇ ਉਮੀਦਵਾਰਾਂ ਨੇ ਇਲਜ਼ਾਮ ਲਾਇਆ ਹੈ ਕਿ ਉਹਨਾਂ ਨੂੰ ਕੌਂਗਰਸ ਸਰਕਾਰ ਨੇ ਚੋਣਾਂ ਵਿੱਚੋਂ ਬਾਹਰ ਕਢਵਾਇਆ ਹੈ। ਹੋਰ ਵੀ ਕਈ ਪੱਖ ਹਨ ਜਿਨ੍ਹਾਂ ਕਰਕੇ ਮਸਲਾ ਏਨਾਂ ਗੁੰਝਲਦਾਰ ਹੋ ਗਿਆ ਹੈ ਜਿੰਨਾਂ ਕਿ ਓਪਰੀ ਨਜ਼ਰੇ ਨਹੀਂ ਲੱਗਦਾ।

ਪਹਿਲਾਂ ਕੌਂਗਰਸ ਵਾਲੀ ਗੱਲ ਲਈਏ। ਸ਼ਾਇਦ ਆਉਂਦੇ ਦਿਨਾਂ ਵਿੱਚ ਹੋਰ ਤੱਥ ਸਾਹਮਣੇ ਆਉਣ ਪਰ ਅਜੇ ਤੱਕ ਪ੍ਰਾਪਤ ਜਾਣਕਾਰੀ ਤੋਂ ਹੀ ਕਿਆਸ ਲਾਇਆ ਜਾ ਸਕਦਾ ਹੈ ਕੀ ਹੋਇਆ ਹੋਵੇਗਾ। "ਸ਼੍ਰੋਮਣੀ ਕਮੇਟੀ ਦੇ ਪੈਸੇ ਦੇਣ ਵਾਲੇ ਹਨ" ਦੇ ਇਲਜ਼ਾਮ ਨੂੰ ਕਿਸੇ ਗ਼ਲਤ ਨਹੀਂ ਆਖਿਆ। ਹੋ ਸਕਦਾ ਹੈ ਕਿ ਇਹਨਾਂ ਦੇ ਲਾਇਕ ਧੀਆਂ-ਪੁੱਤਰਾਂ ਨੂੰ ਯੋਗ ਜਾਣ ਕੇ ਮੁੱਖ ਮੰਤਰੀ ਨੇ ਹੀ ਇਹਨਾਂ ਨੂੰ ਡੌਕਟਰ ਬਣਾਉਣ ਦੀ ਸਲਾਹ ਦਿੱਤੀ ਹੋਵੇ। ਜਾਂ ਹੋ ਸਕਦਾ ਹੈ ਕਿ ਮੁੱਖ ਮੰਤਰੀ ਨੇ ਆਖਿਆ ਹੋਵੇ 'ਸ਼੍ਰੋਮਣੀ ਕਮੇਟੀ ਦੇ ਪੈਸੇ ਨਾ ਦਿਉ, ਜ਼ਿਲ੍ਹਾ ਮੈਜਿਸਟ੍ਰੇਟ ਤੋਂ ਸਭ ਠੀਕ ਕਰਵਾ ਦਿਆਂਗੇ।' ਪਰ ਇਹਨਾਂ ਮੁੱਖ ਮੰਤਰੀ ਦੀ ਗ਼ਲਤ ਸਲਾਹ ਕਿਉਂ ਮੰਨੀ ? ਇਹ ਓਸ ਕੋਲ ਸਲਾਹ ਲੈਣ ਕਿਉਂ ਗਏ ਸਨ ? ਕੀ ਅਕਾਲੀ ਦਲ ਬਾਦਲ ਅਤੇ ਕੌਂਗਰਸ ਪਾਰਟੀ ਅੰਦਰੋ-ਅੰਦਰੀ ਏਨੇਂ ਘਿਉ-ਖਿਚੜੀ ਹਨ ਕਿ ਪ੍ਰਵਾਰਕ ਮੁਆਮਲਿਆਂ ਵਿੱਚ ਇੱਕ-ਦੂਜੇ ਦੀ ਸਲਾਹ ਏਸ ਹੱਦ ਤੱਕ ਮੰਨਦੇ ਹਨ ? ਮੁੱਖ ਮੰਤਰੀ ਨੇ ਵੀ ਕਉਣ ਕੀਤੀ। ਇੱਕ ਪਾਸੇ ਸਲਾਹ ਕਿ ਪੈਸੇ ਨ ਦਿਉ, ਦੂਜੇ ਪਾਸੇ ਕਾਗਜ਼ ਰੱਦ ਕਰਵਾ ਦਿੱਤੇ। ਯੋਗ ਤਾਂ ਇਹ ਜਾਪਦਾ ਹੈ ਕਿ ਉਸ ਨੂੰ ਸਰੀਹਨ ਧੋਖਾ ਦੇਣ ਦੇ ਦੋਸ਼ ਵਿੱਚ ਅਤੇ "ਮਨ ਹੋਰ ਮੁਖ ਹੋਰ" ਅਨੁਸਾਰ ਸਿੱਖੀ ਦੀ ਸਪਸ਼ਟਗੋਈ

ਦੇ ਵਿਰੋਧੀ ਅਮਲ ਕਾਰਣ ਤਖ਼ਤ ਉੱਤੇ ਸੱਦ ਕੇ ਖੱਜਲ-ਖੁਆਰ ਕੀਤਾ ਜਾਏ।

ਬਾਦਲ ਦਲ ਉੱਤੇ ਜੋ ਲੋਕ ਇਲਜ਼ਾਮ ਲਗਾਉਂਦੇ ਸਨ ਕਿ ਇਹ ਲੋਟੂਆਂ ਦਾ ਟੋਲਾ ਹੈ ਜੋ ਗੁਰੂ ਕੀ ਗੋਲਕ ਨੂੰ ਲੁੱਟ ਰਹੇ ਹਨ, ਉਹ ਵੀ ਸਾਰੇ ਝੂਠੇ ਸਾਬਤ ਹੋ ਗਏ ਕਿਉਂਕਿ ਦੋ ਮੰਤਰੀਆਂ ਨੇ ਅਤੇ ਸੰਭਾਵੀ ਅਤੇ ਕਾਰਜਕਾਰੀ ਪ੍ਰਧਾਨ ਨੇ ਕੁੱਲ ਮਿਲਾ ਕੇ ਤਕਰੀਬਨ ਕਰੋੜ ਰੁਪਿਆ ਹੀ ਲੁੱਟਿਆ ਹੈ। ਸੈਂਪਲ ਚੋਣ ਸਰਵੇ ਵਾਲਿਆਂ ਦੀ ਤਰਜ਼ ਉੱਤੇ ਜੇ ਅੰਦਾਜ਼ਾ ਲਾਈਏ ਤਾਂ ਸਾਰਿਆਂ ਬਾਦਲ ਕੇ ਮੈਂਬਰਾਂ ਨੇ ਵੱਧ ਤੋਂ ਵੱਧ 700 ਕਰੋੜ ਪੈਂਤੀ ਲੱਖ ਹੀ ਲੁੱਟਿਆ ਹੈ। "ਚਿੜੀ ਚੋਂਚ ਭਰ ਲੇ ਗਈ ਨਦੀ ਨਾ ਘਟਿਓ ਨੀਰ। ਦਸਵੰਧ ਦੀਏ ਸ਼੍ਰੋਮਣੀ ਨ ਘਟੇ ਕਹਿ ਗਏ ਸੰਤ ਕਬੀਰ।" ਏਨੀ ਛੋਟੀ ਰਕਮ ਬਦਲੇ ਸਾਰੀ 'ਸ਼ਹੀਦਾਂ ਦੀ ਸਿਰਮੌਰ ਜਥੇਬੰਦੀ' ਉੱਤੇ ਇਲਜ਼ਾਮ ਲਗਾਉਣੇ ਸਿੱਖ ਰਹਿਤ ਮਰਿਯਦਾ ਦੀ ਘੋਰ ਉਲੰਘਣਾ ਹੈ। ਏਸ ਲਈ ਤਖ਼ਤ ਉੱਤੇ ਤਲਬ ਕਰ ਕੇ ਇਲਜ਼ਾਮਬਾਜ਼ਾਂ ਵਿਰੁੱਧ ਕਾਰਵਾਈ ਹੋਣੀ ਜ਼ਰੂਰੀ ਹੈ। ਕਿਉਂਕਿ ਇਲਜ਼ਾਮ 'ਸ਼ਹੀਦਾਂ ਦੀ ਜਥੇਬੰਦੀ' (ਜਿਸ ਦੇ ਪ੍ਰਧਾਨ ਮਰਜੀਵੜੇ ਪ੍ਰਕਾਸ਼ ਸਿੰਘ ਬਾਦਲ ਹਨ) ਉੱਤੇ ਲੱਗਿਆ ਹੈ, ਏਸ ਦੀ ਹੋਰ ਕੁਈ ਸਜ਼ਾ ਨਹੀਂ ਹੋਣੀ ਚਾਹੀਦੀ ਬਲਕਿ ਸਾਰੇ ਇਲਜ਼ਾਮ-ਤਰਾਸ਼ਾਂ ਨੂੰ ਤਖ਼ਤ ਸਾਹਿਬ ਦੇ ਖੁੱਲ੍ਹੇ ਅਹਾਤੇ ਵਿੱਚ ਧਰਤੀ ਵਿੱਚ ਗੱਡ ਕੇ ਕੁੱਤਿਆਂ ਕੋਲੋਂ ਪੜਵਾ ਦੇਣ ਦੀ ਕਾਰਵਾਈ ਐਨ ਸਿੱਖੀ ਅਸੂਲਾਂ ਮੁਤਾਬਕ ਹੋਵੇਗੀ। ਲਵ-ਕੁਸ਼ ਦੀ ਉਲਾਦ ਪੂਰਨ ਸਿੰਘ ਵੀ ਏਸ ਦੀ ਸੰਪੂਰਨ ਹਮਾਇਤ ਕਰਨਗੇ। ਇਹੋ ਇੱਕ ਤਰੀਕਾ ਹੈ ਕਿ ਅੱਗੇ ਤੋਂ ਗੁਰੂ ਦੀਆਂ ਗੋਲਕਾਂ ਗੁਰੂ ਮਹਾਰਾਜ ਦੀਆਂ ਹਦਾਇਤਾਂ ਮੁਤਾਬਕ ਅਲਵਿੰਦਰਪਾਲ ਸਿੰਘ ਪੱਖੋਕੇ, ਸੁੱਚਾ ਸਿੰਘ ਲੰਗਾਹ ਅਤੇ ਸੇਵਾ ਸਿੰਘ ਸੇਖਵਾਂ ਵਰਗੇ ਗਰੀਬਾਂ ਦੇ ਮੂੰਹ ਵਿੱਚ ਪੈਂਦੀਆਂ ਰਹਿਣ ਦਾ ਵਿਧਾਨ ਚੱਲਦਾ ਰਹੇ। ਤਖ਼ਤ ਤੋਂ ਇਹਨਾਂ ਤਿੰਨਾਂ ਸੱਜਣਾਂ ਨੂੰ ਪੰਜਾਬੀ ਪਾਰਟੀ ਦੇ ਪ੍ਰਧਾਨ ਨੂੰ ਰੋਪੜ-ਅਗਨੀ-ਪ੍ਰੀਖਿਆ 'ਚੋਂ ਮੁਕਤ ਹੋਣ ਦੇ ਮਹਾਨ ਕਾਰਜ ਉਪਰੰਤ ਦਿੱਤੇ ਸਿਰੋਪੇ ਦੀ ਤਰਜ਼ ਉੱਤੇ ਸਿਰੋਪੇ ਦਿੱਤੇ ਜਾਣ।

ਖੁਸ਼ਕਿਸਮਤੀ ਨਾਲ "ਮਰਜੀਵੜੇ" ਪ੍ਰਧਾਨ ਅਤੇ ਅਲਵਿੰਦਰਪਾਲ ਸਿੰਘ ਵਰਗੇ 'ਜ਼ਿੰਦਾ ਸ਼ਹੀਦਾਂ' ਦੇ ਸਹਿਯੋਗ ਨਾਲ ਚੱਲ ਰਹੀ 'ਸ਼ਹੀਦਾਂ ਦੀ ਜਥੇਬੰਦੀ' ਬਾਰੇ ਅਜੇਹੀਆਂ ਗੂੜ੍ਹ ਰਮਜ਼ਾਂ ਹੁਣ ਖੁੱਲ੍ਹ ਕੇ ਸਾਹਮਣੇ ਆ ਰਹੀਆਂ ਹਨ ਜਦੋਂ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਿਰ ਉੱਤੇ ਹਨ। ਅਜੇਹੇ ਸਮੇਂ 'ਸ਼ਹੀਦਾਂ ਦੀ ਜਥੇਬੰਦੀ' ਨੂੰ ਮਜ਼ਬੂਤ ਕਰਨ ਲਈ ਨੀਯਤ ਸਮੇਂ ਉੱਤੇ ਪੰਜ ਸਿੰਘ ਟੀ.ਵੀ. ਪਰਦੇ ਉੱਤੇ ਖੜ੍ਹ ਜਾਣ, ਬਾਕੀ ਸਾਰੇ ਸਿੱਖ ਟੀ.ਵੀ. ਸਾਹਮਣੇ ਤਿਆਰ-ਬਰ-ਤਿਆਰ ਹੋ ਕੇ ਹੱਥ ਵਿੱਚ ਗੁਟਕੇ ਲੈ ਕੇ ਖੜ੍ਹ ਜਾਣ। ਅਰਦਾਸ ਉਪਰੰਤ ਪੰਜ ਸਿੰਘ ਸਾਰੀ ਕੌਮ ਨੂੰ ਕਸਮ ਖਵਾਉਣ : "ਅਸੀਂ ਸ੍ਰੀ ਲਵ-ਕੁਸ਼ ਨੂੰ ਹਾਜਰ-ਨਾਜਰ ਜਾਣ ਕੇ ਕਸਮ ਖਾਂਦੇ ਹਾਂ ਕਿ ਮਰਜੀਵੜੇ ਪ੍ਰਧਾਨ ਦੇ ਹੱਥ ਮਜ਼ਬੂਤ ਕਰਨ ਲਈ ਅਸੀਂ ਉਹਨਾਂ ਲੋਕਾਂ ਨੂੰ ਵੋਟਾਂ ਪਾਵਾਂਗੇ ਜੋ ਕਿ ਗੁਰੂ ਦਾ ਭੈ-ਅਦਬ ਕਾਇਮ ਰੱਖਦੇ ਹੋਏ ਕੇਵਲ ਤਿਲ-ਫੁੱਲ ਮਾਤਰ ਹੀ ਗੁਰ-ਗੋਲਕਾਂ ਵਿੱਚੋਂ ਲੁੱਟਣਗੇ ਅਤੇ ਸ੍ਰੀ ਰਾਮਾਇਣ ਦੇ ਅਖੰਡ ਪਾਠ ਦੀ ਵਿਧੀ ਨੂੰ ਗੁਰ-ਮਰਿਯਾਦਾ ਦਾ ਹਿੱਸਾ ਬਣਾਉਣਗੇ। ਅਸੀਂ ਪੰਥ ਤੋਂ ਜ਼ੋਰਦਾਰ ਮੰਗ ਕਰਦੇ ਹਾਂ ਕਿ ਅੱਜ ਦੇ ਮਹਿੰਗਾਈ ਦੇ ਜ਼ਮਾਨੇ ਵਿੱਚ ਗੋਲਕ-ਲੁੱਟ ਦੀ ਹੱਦ ਹਰ ਕਮੇਟੀ ਮੈਂਬਰ ਵਾਸਤੇ ਦੋ ਕਰੋੜ ਸਾਲਾਨਾ ਕਰ ਦਿੱਤੀ ਜਾਵੇ ਤਾਂ ਕਿ ਪੂਰੇ ਵਫ਼ਾਦਾਰ ਮੈਂਬਰਾਂ ਦੀਆਂ ਜ਼ਮੀਰਾਂ ਉੱਤੇ ਵਾਧੂ ਬੋਝ ਨ ਪਵੇ।"

'ਹੇ ਸੱਚੇ ਪਾਤਸ਼ਾਹ ਇਹ ਤੇਰੇ ਸਾਦਾ-ਦਿਲ ਬੰਦੇ ਕਿੱਧਰ ਜਾਣ? ਕੀ ਧਾਰਮਕ ਸੰਸਥਾਵਾਂ ਦੇ ਮੈਂਬਰ ਵੀ ਓਨੇਂ ਹੀ ਕਪਟੀ ਅਤੇ ਕੂੜੇ ਹਨ ਜਿਨੇ ਕਿ ਸਿਆਸੀ ਨੇਤਾ।'

'ਖੁਦਾਵੰਦ ਯਿਹ ਤੇਰੇ ਸਾਦਾ ਦਿਲ ਬੰਦੇ ਕਿਧਰ ਜਾਏਂ?
ਕਿ ਦਰਵੇਸ਼ੀ ਹੈ ਅੱਯਾਰੀ, ਹੈ ਸੁਲਤਾਨੀ ਭੀ ਅੱਯਾਰੀ।'

## ਜੂਨ 2004: ਸਿੱਖਾਂ ਦੀ ਸ਼ਾਹ-ਰਗ 'ਤੇ ਇੱਕ ਹੋਰ ਵਾਰ

ਸ੍ਰੀ ਦਰਬਾਰ ਸਾਹਿਰ ਉੱਤੇ ਹਮਲੇ ਦੇ ਵੀਹਵੇਂ ਵਰ੍ਹੇ ਉਸੇ ਜੂਨ ਦੇ ਮਹੀਨੇ ਖ਼ਬਰ ਆਈ ਕਿ ਪੰਜਾਬ ਵਿੱਚੋਂ ਏਸ ਦੇ ਦਰਿਆਵਾਂ ਦੇ ਪਾਣੀ ਦੀ ਲੁੱਟ ਲਈ ਸਤਲੁਜ-ਯਮੁਨਾ ਜੋੜ ਨਹਿਰ ਦਾ ਬਣਨਾ ਭਾਰਤ ਵਰਸ਼ ਦਾ ਕਾਨੂੰਨ ਹੈ। ਆਉ! ਏਸ ਗੁੱਝੀ ਰਮਜ਼ ਦਾ ਅਰਥ ਲੱਭੀਏ!

ਦਰਿਆਈ ਪਾਣੀਆਂ ਸਬੰਧੀ ਸੰਸਾਰ ਦੇ ਪ੍ਰਮੁੱਖ ਸੰਘੀ ਰਾਜਾਂ, ਅਮਰੀਕਾ, ਕੈਨੇਡਾ, ਰੂਸ ਅਤੇ ਔਸਟ੍ਰੇਲੀਆ ਵਾਂਗ ਭਾਰਤ ਵਿੱਚ ਵੀ ਏਹੀ ਕਾਨੂੰਨ ਹੈ ਕਿ ਦਰਿਆਈ ਪਾਣੀਆਂ ਉੱਤੇ ਉਹਨਾਂ ਲੋਕਾਂ ਦਾ ਹੱਕ ਹੈ ਜਿਨ੍ਹਾਂ ਦੀ ਧਰਤੀ ਉੱਤੋਂ ਇਹ ਦਰਿਆ ਲੰਘਦੇ ਹਨ। ਏਸ ਦਾ ਪ੍ਰਮੁੱਖ ਆਧਾਰ ਏਹੋ ਹੈ ਕਿ ਦਰਿਆਵਾਂ ਦੇ ਕਿਨਾਰੇ ਵੱਸਦੇ ਲੋਕ ਸਦੀਆਂ ਤੋਂ ਅਜੇਹੇ ਮਾਰੂ ਹੜ੍ਹਾਂ ਦਾ ਸੰਤਾਪ ਭੋਗਦੇ ਆਏ ਹਨ ਜਿਹੋ ਜੇਹੇ ਹੜ੍ਹ 1988 ਵਿੱਚ ਪੰਜਾਬ 'ਚ ਆਏ ਸਨ। ਏਸ ਲਈ ਇਹਨਾਂ ਦਾ ਪਹਿਲਾ ਹੱਕ ਹੈ ਕਿ ਉਹ ਦਰਿਆਵਾਂ ਦੇ ਪਾਣੀ ਦਾ ਯੋਗ ਲਾਭ ਵੀ ਲੈਣ।

ਹਰ ਮੁਲਕ ਵਿੱਚ ਏਸ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਹੁੰਦੀ ਹੈ। ਏਥੋਂ ਤੱਕ ਕਿ ਅਮਰੀਕਾ ਦੇ ਇੱਕ ਸੂਬੇ ਨੇ ਓਸ ਸੂਬੇ ਵਿੱਚ ਸਥਿਤ ਅਮਰੀਕਨ ਸੰਘ ਦੀ ਜ਼ਮੀਨ ਨੂੰ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਓਸ ਦਾ ਤਰਕ ਸੀ ਕਿ ਜ਼ਮੀਨ ਕੇਂਦਰ ਦੀ ਹੈ ਪਰ ਸੂਬੇ ਦੇ ਪਾਣੀ ਉੱਤੇ ਕੇਵਲ ਸੂਬੇ ਦਾ ਹੱਕ ਹੈ।

ਜਿਨ੍ਹਾਂ ਲੋਕਾਂ ਨੇ ਯੂ.ਐਨ.ਓ. ਦੀ 2003 ਦੀ 23 ਵੀਂ ਪਾਣੀ ਰਪਟ ਪੜ੍ਹੀ ਹੈ ਕਿ ਕਿਸ ਤਰ੍ਹਾਂ ਆਉਂਦੇ ਸਮਿਆਂ ਵਿੱਚ 60 ਮੁਲਕਾਂ ਦੇ 200 ਕਰੋੜ ਲੋਕ ਪਾਣੀ ਦੀ ਬੂੰਦ-ਬੂੰਦ ਲਈ ਤਰਸਣਗੇ, ਉਹ ਬੇਹੱਦ ਫ਼ਿਰਕਮੰਦ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਤੀਸਰਾ ਵਿਸ਼ਵ ਯੁੱਧ ਸਾਫ਼ ਪਾਣੀ ਦੇ ਸੋਮਿਆਂ ਉੱਤੇ ਕਬਜ਼ੇ ਲਈ ਹੋਵੇਗਾ। ਸ਼ਾਇਦ ਏਸੇ ਤੱਥ ਨੂੰ ਸਾਹਮਣੇ ਰੱਖ ਕੇ ਅਮਰੀਕਾ ਇਰਾਕ ਦੇ ਫਾਰਾਤ ਅਤੇ

ਦਜਲਾ ਦਰਿਆਵਾਂ ਉੱਤੇ ਕਬਜ਼ਾ ਕਰ ਵੀ ਚੁੱਕਾ ਹੈ। ਕੇਵਲ ਸਾਡੇ ਪੰਜਾਬੀ ਹੀ ਹਨ ਜੋ ਹਰ ਖ਼ਤਰੇ ਤੋਂ ਬੇ-ਖ਼ਬਰ ਹਨ ਅਤੇ ਅਵੇਸਲੇ ਰਹਿ ਕੇ ਪੰਜਾਬ ਦੀ ਧਰਤੀ ਦੇ ਬੰਜਰ ਹੋ ਜਾਣ ਵਿੱਚ ਭਾਈਵਾਲ ਬਣ ਰਹੇ ਹਨ। ਜਿਹੜੀ ਧਰਤੀ ਮਾਂ ਸਦੀਆਂ ਤੋਂ ਸਾਨੂੰ ਪੌਸ਼ਟਿਕ ਪਦਾਰਥ ਦਾਨ ਕਰਦੀ ਆ ਰਹੀ ਹੈ, ਓਸ ਦਾ ਪਾਣੀ ਖੁਣੋ ਤੜਪ-ਤੜਪ ਕੇ ਬੰਜਰ ਹੋ ਜਾਣਾ ਕਿਸੇ ਨੂੰ ਨਹੀਂ ਚੁਭ ਰਿਹਾ।

ਪੰਜਾਬ ਦੇ ਪਾਣੀ ਦੀ ਪਹਿਲੀ ਲੁੱਟ ਪ੍ਰਤਾਪ ਸਿੰਘ ਕੈਰੋਂ ਨ ਕਰਵਾਈ ਸੀ — ਕੇਵਲ ਸੱਤਾ ਲੈਣ ਲਈ। ਕੇਂਦਰੀ ਸਕੱਤਰੇਤ ਵਿੱਚ ਬੈਠੇ ਦੋ ਕਲਰਕਾਂ (ਡਿਪਟੀ ਸੈਕਟਰੀ ਅਹੁਦੇਦਾਰਾਂ) ਨੇ ਰਾਜਸਥਾਨ ਨੂੰ ਪੰਜਾਬ ਦਾ ਏਨਾਂ ਪਾਣੀ ਦੇ ਦਿੱਤਾ ਸੀ ਜਿਸ ਦੀ 1982 ਵਿੱਚ 72,000 ਕਰੋੜ ਕੀਮਤ ਬਣਦੀ ਸੀ। ਕੈਰੋਂ ਅਗਿਆਕਾਰੀ ਬਣ ਕੇ ਸਭ ਕੁਝ ਬਿਨਾਂ ਚੂੰ-ਚਾਂ ਕੀਤੇ ਸਹਿ ਗਿਆ ਸੀ। ਓਸ ਤੋਂ ਬਾਅਦ ਸੱਤਾ ਪਿੱਛੇ ਘਰ ਲੁਟਾਉਣ ਦੀ ਪਿਰਤ ਅਕਾਲੀਆਂ ਨੇ ਪੱਕੀ-ਪੀਢੀ ਕੀਤੀ।

ਹੁਣ ਜਦੋਂ ਕਿ ਅਕਾਲੀ ਨੇਤਾ ਫੇਰ ਸਰਗਰਮ ਹੋ ਕੇ, ਲੋਕ-ਪੱਖੀ ਨਾਅਰੇ ਮਾਰ ਕੇ ਲੋਕਾਂ ਨੂੰ ਬੁੱਧੂ ਬਣਾਉਣ ਦਾ ਮਹਾਂ-ਅਭਿਯਾਨ ਆਰੰਭ ਕਰ ਚੁੱਕੇ ਹਨ ਤਾਂ ਲੋਕਾਂ ਦਾ ਹੱਕ ਬਣਦਾ ਹੈ ਕਿ ਉਹ ਇਹਨਾਂ ਦੀਆਂ ਪਿਛਲੀਆਂ ਕਰਤੂਤਾਂ ਨੂੰ ਜਾਣਨ। ਅੱਜ ਦੇ ਸੰਦਰਭ ਵਿੱਚ ਪਾਣੀ ਦਾ ਮਸਲਾ 1966-67 ਤੋਂ ਸ਼ੁਰੂ ਹੁੰਦਾ ਹੈ ਜਦੋਂ ਕਿ ਸ਼ਿਵ ਜੀ ਭੋਲੇ ਨਾਥ ਦਾ ਅਵਤਾਰ ਅਖਵਾਉਂਦਾ ਅਕਾਲੀ ਨੇਤਾ ਫ਼ਤਹਿ ਸਿੰਘ ਪੰਜਾਬੀ ਸੂਬੇ ਨੂੰ "ਸਾਡੇ ਘਰ ਸੁਹਣਾ ਕਾਕਾ ਪੈਦਾ ਹੋਇਆ" ਦੱਸ ਕੇ ਇੰਗਲੈਂਡ ਦੀ ਸੈਰ ਉੱਤੇ ਚੜ੍ਹਿਆ ਹੋਇਆ ਸੀ। ਉਦੋਂ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬ ਪੁਨਰਗਠਨ ਕਾਨੂੰਨ ਵਿੱਚ 78 ਤੋਂ 80 ਧਾਰਾਵਾਂ ਪਾਈਆਂ। ਏਸ ਤੋਂ ਪਹਿਲਾਂ ਕਈ ਸੂਬੇ ਬੋਲੀ ਦੇ ਆਧਾਰ ਉੱਤੇ ਹੋਂਦ ਵਿੱਚ ਆ ਚੁੱਕੇ ਸਨ ਅਤੇ ਅਜੇਹੀਆਂ ਮਾਰਧਾੜ ਕਰਨ ਵਾਲੀਆਂ ਧਾਰਾਵਾਂ ਕਿਸੇ ਵੀ ਪੁਨਰਗਠਨ ਕਾਨੂੰਨ ਵਿੱਚ ਨਹੀਂ ਸਨ। ਨਾ ਅਕਾਲੀ ਨੇਤਾਵਾਂ ਨੇ ਇਹਨਾਂ ਲੁੱਟਮਾਰ-ਧਾਰਾਵਾਂ ਦਾ ਵਿਰੋਧ ਕੀਤਾ, ਨਾ ਹੀ ਪੰਜਾਬੀ ਰੀਜਨ ਨੂੰ ਪੰਜਾਬੀ ਸੂਬਾ ਬਣਾਉਣ ਲਈ ਜ਼ੋਰ ਪਾਇਆ, ਜਿਸ ਨੂੰ ਕਿ ਭਾਰਤ ਦੀ ਪਾਰਲਾਮੈਂਟ ਦੋ ਵਾਰ ਪੰਜਾਬੀ ਬੋਲਦਾ ਇਲਾਕਾ ਸਵੀਕਾਰ ਕਰ ਚੁੱਕੀ ਸੀ, ਦੋਨਾਂ ਦਾ ਖਮਿਆਜ਼ਾ ਅਸੀਂ ਆਪਣਾ ਖ਼ੂਨ ਡੋਲ੍ਹ ਕੇ ਚਾਰ ਦਹਾਕਿਆਂ ਤੋਂ ਭੁਗਤ ਰਹੇ ਹਾਂ।

ਪੁਨਰਗਠਨ ਕਾਨੂੰਨ ਦੀਆਂ 78, 79, 80 ਧਾਰਾਵਾਂ ਸੰਵਿਧਾਨ ਵਿਰੁੱਧ ਸਨ ਕਿਉਂਕਿ ਭਾਰਤ ਦੇ ਸੰਵਿਧਾਨ ਅਨੁਸਾਰ ਰਾਵੀ, ਬਿਆਸ, ਸਤਲੁਜ ਦਾ ਪਾਣੀ ਕੇਵਲ ਅਤੇ ਕੇਵਲ ਪੰਜਾਬ ਦਾ ਬਣਦਾ ਹੈ। ਅਕਾਲੀ ਨੇਤਾ ਆਪਣੀ ਅਤੇ ਆਪਣੇ ਪਰਿਵਾਰਾਂ ਦੀ ਸਿਆਸੀ ਸ਼ਕਤੀ ਅਤੇ ਜਾਇਦਾਦਾਂ ਵਧਾਉਣ ਲਈ ਅਤੇ ਉਸ ਨੂੰ ਮਹਿਫ਼ੂਜ਼ ਰੱਖਣ ਲਈ ਕੇਂਦਰ ਨਾਲ ਬੇ-ਅਸੂਲੇ ਸਮਝੌਤੇ ਕਰ ਕੇ ਆਰਜ਼ੀ 'ਰਾਜ ਭਾਗ' ਸਾਂਭਦੇ ਰਹੇ ਪਰ ਗੈਰ-ਕਾਨੂੰਨੀ ਕਾਨੂੰਨ ਬਾਰੇ ਕੁਈ ਚਾਰਾਜੋਈ ਨ ਕੀਤੀ। ਏਥੋਂ ਤੱਕ ਕਿ ਪ੍ਰਕਾਸ਼ ਸਿੰਘ ਬਾਦਲ ਨੇ ਲਿੰਕ ਨਹਿਰ ਵਾਸਤੇ ਆਪਣੇ ਜਿਗਰੀ ਦੋਸਤ ਚੌਧਰੀ ਦੇਵੀ ਲਾਲ, ਮੁੱਖ ਮੰਤਰੀ, ਹਰਿਆਣਾ ਕੋਲੋਂ ਪੈਸੇ ਵੀ ਪ੍ਰਵਾਨ ਕਰ ਲਏ।

ਬਹੁਤ ਵਾਵੇਲਾ ਹੋਇਆਂ ਤਾਂ ਜਨਤਾ ਸਰਕਾਰ ਵੇਲੇ ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਨੂੰ ਪਹੁੰਚ ਕੀਤੀ ਗਈ ਪਰ ਓਸ ਵਿੱਚੋਂ ਕੁਝ ਨ ਨਿਕਲਿਆ ਕਿਉਂ ਜੁ ਦੇਸਾਈ ਉਸੇ ਤੰਤਰ ਦਾ ਰਚੈਤਾ ਸੀ ਜੋ ਪੰਜਾਬ ਨੂੰ ਲੁੱਟਣ ਲਈ ਹੋਂਦ ਵਿੱਚ ਲਿਆਂਦਾ ਗਿਆ ਸੀ। ਅਸਲ ਹੱਲ ਗੈਰ-ਕਾਨੂੰਨੀ ਕਾਨੂੰਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਵਿੱਚ ਸੀ। ਪਰ ਆਪਣੇ ਪਰਛਾਵੇਂ ਤੋਂ ਡਰਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਏਸ ਕਦਮ ਲਈ ਤਿਆਰ ਨਹੀਂ ਸੀ। ਵਕੀਲਾਂ, ਰਿਟਾਇਰਡ ਜੱਜਾਂ ਆਦਿ ਕੋਲੋਂ ਸਲਾਹ ਲਈ ਗਈ। ਸਭ ਨੇ ਏਹੋ ਆਖਿਆ ਕਿ ਸੁਪਰੀਮ ਕੋਰਟ ਜਾਓ। ਆਖਰ, ਜਦੋਂ ਇੰਦਰਾ ਗਾਂਧੀ ਦੇ ਦੁਬਾਰਾ ਸੱਤਾ ਵਿੱਚ ਆਉਣ ਨਾਲ ਸਰਕਾਰ ਟੁੱਟਦੀ ਨਜ਼ਰ ਆਈ ਤਾਂ ਪ੍ਰਕਾਸ਼ ਸਿੰਘ ਨੇ ਅਗਲੀ ਸਿਆਸੀ ਚਾਲ ਵਿਚਾਰ ਕੇ ਮੁਕੱਦਮਾ ਸੁਪਰੀਮ ਕੋਰਟ ਪਾਇਆ ਅਤੇ ਸੱਤਾ ਵਿੱਚ ਆਉਂਦੇ ਸਾਰ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਧੌਣ ਉੱਤੇ (ਕੱਢ ਦੇਣ ਦੀ ਧਮਕੀ ਦੀ) ਬੰਦੂਕ ਰੱਖ ਕੇ ਮੁਕੱਦਮਾ ਵਾਪਸ ਕਰਵਾਇਆ।

ਏਸੇ ਤਰਜ਼ ਦੇ ਅਗਲੇ ਮੁਕੱਦਮੇ ਦੀ ਸੁਣਵਾਈ ਚੀਫ ਜਸਟਿਸ ਸੰਧਾਵਾਲੀਆ ਦੀ ਪੰਜਾਬ ਤੋਂ ਪਟਨਾ ਸਾਹਿਬ ਬਦਲੀ ਕਰ ਕੇ ਅਤੇ ਇੱਕ ਹੋਰ ਘਟੀਆ ਵਿਧੀ ਰਾਹੀਂ, ਸੁਪਰੀਮ ਕੋਰਟ ਨੇ ਆਪ ਰੁਕਵਾਈ। ਜ਼ਾਹਰ ਹੈ ਕਿ ਪੰਜਾਬ ਨੂੰ ਕਾਨੂੰਨੀ ਚਾਰਾਜੋਈ ਕਰਨ ਤੋਂ ਰੋਕਣ ਲਈ ਸੁਪਰੀਮ ਕੋਰਟ ਅਤੇ ਕੇਂਦਰੀ ਸਰਕਾਰ ਬਜ਼ਿੱਦ ਹਨ।

ਇਹਨਾਂ ਹਾਲਤਾਂ ਵਿੱਚ ਅਕਾਲੀਆਂ ਨੂੰ ਪਾਣੀ ਦੇ ਸਾਰੇ ਸਮਝੌਤੇ ਰੱਦ ਕਰ ਕੇ ਪਾਣੀ ਦੇ ਮਸਲੇ ਨੂੰ ਸੁਪਰੀਮ ਕੋਰਟ ਸਿੱਧਾ ਲੈ ਜਾਣਾ ਚਾਹੀਦਾ ਸੀ ਅਤੇ ਪੁਨਰਗਠਨ ਕਾਨੂੰਨ ਦੀਆਂ ਗੈਰ-ਕਾਨੂੰਨੀ ਧਾਰਾਵਾਂ ਨੂੰ ਰੱਦ ਕਰਵਾਉਣਾ ਚਾਹੀਦਾ ਸੀ। ਹੁਣ ਏਹੋ ਗੱਲ ਆਖ ਰਹੇ ਹਨ ਪਰ ਜਦੋਂ ਸਮਾਂ ਸੀ ਉਦੋਂ ਇਹਨਾਂ ਏਧਰ ਸੰਤ ਬਾਬਾ ਜਰਨੈਲ ਸਿੰਘ ਅਤੇ ਹਰਚੰਦ ਸਿੰਘ ਲੌਂਗੋਵਾਲ ਦੀਆਂ ਸਪਸ਼ਟ ਹਦਾਇਤਾਂ ਤੋਂ ਵੀ ਮੂੰਹ ਮੋੜੀ ਰੱਖਿਆ ਅਤੇ ਨਿੱਜੀ ਸਿਆਸੀ ਤਾਕਤ ਖਾਤਰ ਪੰਜਾਬ ਦੇ ਹਿਤਾਂ ਨੂੰ ਅੱਖਾਂ ਖੋਲ੍ਹ ਕੇ ਵਿਸਾਰਦੇ ਰਹੇ।

ਇੱਕ ਵੇਲੇ ਲੌਂਗੋਵਾਲ ਨੇ ਕੁਈ ਅੱਧੀ ਕੁ ਦਰਜਨ ਬੁੱਧੀਜੀਵੀਆਂ ਨੂੰ ਇਹਨਾਂ ਨਾਲ ਦਿੱਲੀ ਭੇਜਿਆ। ਸਾਰੇ ਬੁੱਧੀਜੀਵੀ ਬਜ਼ਿੱਦ ਰਹੇ ਕਿ ਟ੍ਰਿਬਿਊਨਲ ਨਾ ਮੰਨਿਆ ਜਾਵੇ ਅਤੇ ਸਿੱਧਾ ਸੁਪਰੀਮ ਕੋਰਟ ਜਾਇਆ ਜਾਵੇ। ਇਹਨਾਂ ਸੁਰਜੀਤ ਸਿੰਘ ਬਰਨਾਲਾ, ਹਰਦੇਵ ਸਿੰਘ ਐਡਵੋਕੇਟ, ਮਨਜੀਤ ਸਿੰਘ ਖਹਿਰਾ ਆਦਿ ਦੀ ਬੁੱਧੀਜੀਵੀਆਂ ਨਾਲ ਦਿੱਲੀ ਮੁਲਾਕਾਤ ਕਰਵਾਈ ਅਤੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਟ੍ਰਿਬਿਊਨਲ ਮੰਨਣ ਵਿੱਚ ਹੀ ਪੰਜਾਬ ਦਾ ਭਲਾ ਹੈ। ਦਰਅਸਲ ਇਹਨਾਂ

ਦਾ ਨਿਸ਼ਾਨਾ ਸਿਰਫ ਸੱਤਾ ਹਥਿਆਉਣ ਦਾ ਸੀ ਅਤੇ ਅਗਲੇ ਇਹਨਾਂ ਕੋਲੋਂ ਬਦਲੇ ਵਿੱਚ ਪੰਜਾਬ ਦਾ ਖ਼ੂਨ (ਦਰਿਆਵਾਂ ਦਾ ਪਾਣੀ) ਮੰਗਦੇ ਸਨ। ਇਹ ਮਚਲੇ ਹੋ ਕੇ ਘੁੱਗੂ ਬਣੇ ਰਹੇ। ਅੱਜ ਪ੍ਰਕਾਸ਼ ਸਿੰਘ ਦੇ ਬਿਆਨ ਬੜੇ ਠੀਕ ਹਨ ਪਰ ਯਕੀਨਨ ਕੇਵਲ ਓਨੀਂ ਦੇਰ ਹੀ ਠੀਕ ਰਹਿਣਗੇ ਜਿੰਨੀ ਦੇਰ ਤੱਕ ਸਿਆਸੀ ਸੱਤਾਂ ਦੇ ਸਿੰਗ ਏਸ ਦੇ ਟੋਲੇ ਦੇ ਹੱਥ ਨਹੀਂ ਆ ਜਾਂਦੇ। ਯਾਦ ਰੱਖੋ "ਇਕਲਾਬ ਬੜਾ ਉਪਦੇਸ਼ਕ ਹੈ ਮਨ ਬਾਤੋਂ ਸੇ ਮੋਹ ਲੇਤਾ ਹੈ।" ਗੁਰਬਾਣੀ ਦਾ ਫਰਮਾਨ ਵੀ ਹੈ : "ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ।"

ਇਹਨ ਨਾਲੋਂ ਅਕਾਲੀ ਦਲ ਅੰਮ੍ਰਿਤਸਰ ਦੇ ਤੇਵਰ ਕਰੜੇ ਜਾਪਦੇ ਹਨ। ਉਹ ਅੱਜ ਵਰਗੇ ਬਿਆਨ ਕਈ ਵਾਰ ਪਹਿਲਾਂ ਦੇ ਚੁੱਕੇ ਹਨ। ਕਈ ਸਾਲ ਪਹਿਲਾਂ ਵੀ ਉਹਨਾਂ "ਨਹਿਰ ਪੂਰਨ" ਦੀਆਂ, "ਪਾਣੀ ਦੀ ਇੱਕ ਵੀ ਬੂੰਦ" ਬਾਹਰ ਨ ਜਾਣ ਦੇਣ ਦੀਆਂ ਕਸਮਾਂ ਖਾਧੀਆਂ ਸਨ। ਪਰ ਅਮਲੀ ਕਦਮ ਕੁਈ ਅੱਜ ਤੱਕ ਨਹੀਂ ਚੁੱਕਿਆ। ਏਹਨਾਂ ਦੇ ਬਿਆਨ ਵੀ ਸ਼ੱਕੀ ਅਤੇ ਰਵਾਇਤੀ ਅਕਾਲੀਆਂ ਦੇ ਬਿਆਨਾਂ ਦੇ ਹਾਣ ਦੇ ਹਨ। ਦੂਸਰਾ ਸਬੂਤ ਇਹ ਹੈ ਕਿ "ਹਜ਼ਾਰਾਂ ਕ੍ਰੋੜਾਂ ਬੂੰਦਾਂ" ਰਾਜਸਥਾਨ ਨਹਿਰ ਰਾਹੀਂ ਰੁੜ੍ਹਦੀਆਂ ਜਾ ਰਹੀਆਂ ਹਨ ਅਤੇ ਇਹ ਕੁਝ ਨਹੀਂ ਕਰ ਪਾ ਰਹੇ। ਹਜ਼ਾਰਾਂ ਕ੍ਰੋੜਾਂ ਬੂੰਦਾਂ ਹੋਰ ਪਾਸੇ ਵੀ ਵਗਣ ਲੱਗ ਪੈਣਗੀਆਂ ਪਰ ਇਹ ਦਮਗਜੇ ਮਾਰਦੇ ਰਹਿਣਗੇ, ਆਪਣੀ ਭੱਲ ਬਣਾਈ ਰੱਖਣਗੇ। ਜਿਹੜੇ ਲੋਕ ਬਿਆਨਾਂ ਨਾਲ ਖੁਸ਼ ਹੋ ਜਾਣ ਉਹਨਾਂ ਨੂੰ ਕੁਝ ਕਰ ਕੇ ਵਿਖਾਉਣ ਦੀ ਕੀ ਲੋੜ ?

ਸਿਆਣਪ ਏਸੇ ਵਿੱਚ ਹੈ ਕਿ ਪੰਜਾਬੀ ਜਨਤਾ ਇਹਨਾਂ ਦਲਾਂ ਦੀ ਦਲਦਲ ਵਿੱਚੋਂ ਨਿਕਲੇ। ਪੰਜਾਬ ਦੀ ਇੱਕ ਸਾਂਝੀ ਕਮੇਟੀ ਬਣੇ ਜੋ ਕਿ ਪ੍ਰਮੁੱਖ ਤੌਰ ਉੱਤੇ ਉਹਨਾਂ ਬੁੱਧੀਜੀਵੀਆਂ ਅਤੇ ਕਿਸਾਨਾਂ ਉੱਤੇ ਆਧਾਰਤ ਹੋਵੇ ਜਿਨ੍ਹਾਂ ਨੂੰ ਪਿਛਲੇ ਵੀਹ ਸਾਲਾਂ ਵਿੱਚ ਪੰਜਾਬ ਦੇ ਸਹੀ ਨਜ਼ਰੀਏ ਨੂੰ ਜਨਤਾ ਵਿੱਚ ਅਖ਼ਬਾਰਾਂ ਅਤੇ ਕਿਤਾਬਾਂ ਰਾਹੀਂ ਪੇਸ਼ ਕੀਤਾ ਹੋਵੇ। ਇਉਂ ਪੰਜਾਬ ਦੇ ਪਾਣੀ ਦੀ ਅਸਲ ਧਿਰ ਨੂੰ ਉਭਾਰਿਆ ਜਾਵੇ ਅਤੇ ਸੱਤਾ ਦੇ ਦਲਾਲਾਂ ਤੋਂ ਬਚਿਆ ਜਾਵੇ। ਅਜੇਹੀ ਕਮੇਟੀ ਵਾਲੇ ਸਮੁੱਚੇ ਪੰਜਾਬ ਦੀ ਨੁਮਾਇੰਦਗੀ ਕਰਨ। ਸਾਰੀਆਂ ਸਿਆਸੀ ਜਮਾਤਾਂ ਉਹਨਾਂ ਨੂੰ ਸਹਿਯੋਗ ਦੇਣ ਲਈ ਆਪੋ-ਆਪਣੀਆਂ ਕਮੇਟੀਆਂ ਬਣਾਉਣ ਅਤੇ ਇਹਨਾਂ ਕਮੇਟੀਆਂ ਦਾ ਇੱਕ-ਇੱਕ ਨੁਮਾਇੰਦਾ ਪੰਜਾਬ ਦੀ ਅਸਲ ਧਿਰ ਵਿੱਚ ਸ਼ਾਮਲ ਹੋ ਜਾਵੇ।

ਜੇ ਇਹ ਨਾ ਕੀਤਾ ਗਿਆ ਤਾਂ ਯਕੀਨਨ ਪੰਜਾਬ ਨੂੰ ਬੰਜਰ ਹੋਣ ਤੋਂ ਕੁਈ ਤਾਕਤ ਨਹੀਂ ਰੋਕ ਸਕਦੀ। ਜੂਨ 84 ਦੇ ਫ਼ੈਸਲੇ ਨੇ ਪੰਜਾਬ ਦੇ ਓਸ ਪੋਸ਼ ਦੇ ਗਭਰੂਆਂ ਦਾ ਖ਼ੂਨ ਪੀਤਾ ਸੀ।

ਅੱਜ ਜੂਨ 2004 ਵਿੱਚ ਓਹੋ ਸਰਾਲ ਸਦਾ ਲਈ ਪੰਜਾਬ ਦੇ ਸਾਹ ਪੀ ਜਾਣ ਲਈ ਮੂੰਹ ਅੱਡੀ ਤਿਆਰ ਖੜ੍ਹੀ ਹੈ। ਰੱਬ ਖ਼ੈਰ ਕਰੇ! ਸੁਹਣਾ ਪੰਜਾਬ ਵੱਸਦਾ-ਰਸਦਾ ਰਹਿ ਜਾਵੇ।

## ਛੁਪੇਗਾ ਕੁਸ਼ਤੋਂ ਕਾ ਖ਼ੂੰ ਕਯੋਂ ਕਰ....

ਭਾਰਤ ਦੀ ਏਕਤਾ-ਅਖੰਡਤਾ ਦਾ ਦੈਂਤ ਇਸ਼ਰਤ ਜਹਾਨ ਸ਼ਮੀਮਾ ਰਜ਼ਾ ਨੂੰ ਨਿਗ਼ਲ ਗਿਆ। ਠੀਕ ਓਸੇ ਤਰ੍ਹਾਂ ਜਿਵੇਂ ਕਿ ਉਹ ਹਜ਼ਾਰਾਂ ਮਾਸੂਮ ਜਿੰਦੜੀਆਂ ਨੂੰ ਪੰਜਾਬ ਵਿੱਚ ਨਿਗ਼ਲ ਗਿਆ ਸੀ। ਪੁਲਸ ਦੇ ਤੌਰ, ਤਰੀਕੇ, ਤੇਵਰ ਉਹੀ ਹਨ ਜੋ ਪੰਜਾਬ ਦੇ "ਅਣਪਛਾਤੇ ਅਤਿਵਾਦੀਆਂ" ਦਾ ਖ਼ੂਨ ਵਗਾਉਣ ਸਮੇਂ ਹੁੰਦੇ ਸਨ। ਇਸ਼ਰਤ ਅਤੇ ਓਸ ਦੇ ਤਿੰਨ ਸਾਥੀਆਂ ਨੂੰ ਖ਼ੂੰਖਾਰ ਅਤਿਵਾਦੀ ਅਤੇ ਉਹਨਾਂ ਵਿੱਚੋਂ ਦੋ ਨੂੰ "ਵਿਦੇਸ਼ੀ ਨਾਗਰਿਕ" ਸਾਬਤ ਕਰਨ ਲਈ ਪੁਲਸ ਕੋਲ ਸਭ ਤੱਥ ਏਸ ਤਰ੍ਹਾਂ ਮੌਜੂਦ ਹਨ ਜਿਵੇਂ ਕਿ ਪੁਲਸ ਨੇ ਹੀ ਉਹਨਾਂ ਦੀ ਜਨਮ-ਕੁੰਡਲੀ ਤਿਆਰ ਕੀਤੀ ਹੋਵੇ।

ਇੱਕ ਪਾਸੇ ਉਹਨਾਂ ਨੂੰ ਇਖ਼ਲਾਕੀ ਤੌਰ ਉੱਤੇ ਗਿਰੇ ਹੋਏ ਬਦਚਲਨ ਸਾਬਤ ਕਰਨ ਦੀ ਮੁਹਿੰਮ ਚੱਲ ਰਹੀ ਹੈ। ਦੂਜੇ ਬੰਨੇ ਉਹਨਾਂ ਨੂੰ ਆਦਰਸ਼ ਤੋਂ ਪ੍ਰੇਰਤ ਆਪਾ ਵਾਰਨ ਵਾਲੇ, ਸਿਰ ਤਲੀ ਉੱਤੇ ਰੱਖਣ ਵਾਲੇ ਨੌਂ-ਜਵਾਨ ਵੀ ਆਖਿਆ ਜਾ ਰਿਹਾ ਹੈ। ਕੀ ਏਹੋ ਕੁਝ ਲੱਖਾਂ ਵਾਰ ਪੰਜਾਬ ਦੇ ਜਾਇਆਂ ਨਾਲ ਨਹੀਂ ਹੋਇਆ ? ਫ਼ਰਕ ਸਿਰਫ਼ ਏਨਾਂ ਹੈ ਕਿ ਪੰਜਾਬ ਦੇ ਸਾਦਾ-ਦਿਲ ਲੋਕ ਮੌਤ ਦੇ ਸੱਚ ਨੂੰ ਸਵਿਕਾਰ ਕੇ ਆਪਣੇ ਹੋਣਹਾਰਾਂ ਦੇ 'ਅਤਿਵਾਦੀ ਹੋਣ' ਨੂੰ ਮੰਨ ਲੈਂਦੇ ਸਨ ਤਾਂ ਕਿ ਉਹ "ਕੌਮ ਦੇ ਲੇਖੇ ਲੱਗ ਜਾਣ" ਪ੍ਰੰਤੂ ਇਸ਼ਰਤ ਦੀ ਮਾਂ ਨੇ ਕੋਰੇ ਝੂਠ ਨੂੰ ਗਲ਼ੇ ਲਗਾਉਣ ਤੋਂ ਸੁਧਾ ਇਨਕਾਰ ਕਰ ਦਿੱਤਾ ਹੈ। ਆਮ ਮੁਸਲਮਾਨਾਂ ਵਿੱਚ ਸਿਆਸੀ ਸੂਝ ਅਤੇ ਪੁਲਸ ਦੇ ਦਾਅ-ਪੇਚ ਸਮਝਣ ਦੀ ਸ਼ਕਤੀ ਆਮ ਸਿੱਖਾਂ ਨਾਲੋਂ ਵੱਧ ਹੈ, ਏਸ ਵਿੱਚ ਸ਼ੱਕ ਨਹੀਂ। ਇਹ ਏਸ ਲਈ ਕਿ ਉਹ ਦੁਸ਼ਮਣ ਨੂੰ ਕੇਵਲ ਦੁਸ਼ਮਣ ਸਮਝਦੇ ਹਨ ਅਤੇ ਸਿੱਖ ਦੁਸ਼ਮਣ ਨੂੰ ਆਪਣਾ ਵੀ। ਪਰ ਮੁਸਲਮਾਨਾਂ ਨੂੰ ਇਹਨਾਂ ਵੱਲੋਂ "ਆਪਣੇ" ਲੋਕਾਂ ਦੇ ਢਾਹੇ ਗਏ ਤਖ਼ਤ ਅਤੇ ਵਹਾਏ ਖ਼ੂਨ ਦੇ ਦਰਿਆ ਤੋਂ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ ਕਿ ਮੁਸਲਮਾਨਾਂ ਨੂੰ ਇਹਨਾਂ ਦੀ ਦੁਸ਼ਮਣੀ ਕਿੱਥੋਂ ਤੱਕ ਲੈ ਜਾਏਗੀ!

ਇਸ਼ਰਤ ਦੀ ਮਾਂ ਨੂੰ ਦਾਦ ਦੇਣੀ ਬਣਦੀ ਹੈ। ਓਸ ਨੇ ਝੂਠ ਨੂੰ ਨਕਾਰ ਕੇ ਪੁਲਸ ਪੈਂਤੜੇ ਨੂੰ ਕਮਜ਼ੋਰ ਕੀਤਾ ਹੈ। ਨਹੀਂ ਤਾਂ ਹੁਣ ਤੱਕ ਦਸ-ਵੀਹ ਹੋਰ ਉਹਨਾਂ 'ਅਤਿਵਾਦੀਆਂ' ਦੇ ਸਹਿਯੋਗੀ ਦੱਸ ਕੇ ਫੜੇ ਜਾਣੇ ਸਨ ਅਤੇ ਸੈਂਕੜਿਆਂ ਉੱਤੇ ਤਸ਼ੱਦਦ ਦਾ ਰਾਹ ਖੁੱਲ੍ਹ ਜਾਣਾ ਸੀ —ਜਿਵੇਂ ਕਿ ਪੰਜਾਬ ਵਿੱਚ ਪਿਛਲੇ ਢਾਈ ਦਹਾਕੇ ਚੱਲਦਾ ਰਿਹਾ ਹੈ।

ਅੱਜ ਮੁਸਲਮਾਨਾਂ ਨੂੰ ਅਤਿਵਾਦੀ ਬਣਾ ਕੇ ਝੂਠੇ ਪੁਲਸ-ਮੁਕਾਬਲਿਆਂ ਵਿੱਚ ਮਾਰਨ ਦਾ ਰੁਝਾਨ ਚੱਲ ਰਿਹਾ ਹੈ— ਜਿਵੇਂ ਕਿ ਢਾਈ ਦਹਾਕੇ ਪਹਿਲਾਂ ਪੰਜਾਬ ਵਿੱਚ ਏਹੋ ਅਮਲ ਸੀ। ਸਾਰੇ ਨਾਗਰਕਾਂ ਨੂੰ ਸਤਰਕ ਹੋ ਕੇ ਅੱਖਾਂ ਖੋਲ੍ਹ ਕੇ ਵਰਤ ਰਹੇ ਵਰਤਾਵੇ ਨੂੰ ਘੋਖਵੀਂ ਨਜ਼ਰ ਨਾਲ ਵੇਖਣਾ ਚਾਹੀਦਾ ਹੈ ਅਤੇ ਜੋ ਕੁਝ ਵੀ ਗ਼ਲਤ ਹੁੰਦਾ ਦਿੱਸੇ, ਓਸ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।

ਉੱਨੀਂ ਸਾਲਾਂ ਦੀ ਮਾਸੂਮ ਬੱਚੀ ਦਾ ਖ਼ੂਨ ਵਗਦਾ ਵੇਖ ਕੇ ਹਰ ਇਨਸਾਨ ਦੀ ਹਮਦਰਦੀ ਹੋਣਾਂ ਲਾਜ਼ਮੀ ਹੈ ਪਰ ਇਸ਼ਰਤ ਰਜ਼ਾ ਨਾਲ

ਤਾਂ ਪੰਜਾਬ ਦਾ ਡੂੰਘਾ ਰਿਸ਼ਤਾ ਹੈ। ਇਹ ਰਿਸ਼ਤਾ ਓਸ ਤਰਜ਼ ਦਾ ਹੈ ਜਿਸ ਅਧੀਨ ਲੱਖਾਂ ਨੂੰ ਏਥੇ ਮੌਤ ਦੇ ਘਾਟ ਉਤਾਰਿਆ ਗਿਆ ਹੈ। ਏਸ ਤੋਂ ਅੱਗੇ ਓਸ ਨਾਲ ਇੱਕ ਰਿਸ਼ਤਾ ਖ਼ਾਲਸਾ ਕੌਲਿਜ ਮੁੰਬਈ ਦਾ ਵੀ ਹੈ। ਖ਼ਾਲਸੇ ਦੀ ਸੰਸਥਾ, ਜੋ ਕਿ ਕਮਜ਼ੋਰ ਵਰਗਾਂ ਦੇ ਵਿੱਦਿਆ ਹਾਸਲ ਕਰਨ ਦੇ ਇਰਾਦੇ ਨਾਲ ਨਨਕਾਣਾ ਸਾਹਿਬ ਪ੍ਰਬੰਧਕ ਕਮੇਟੀ ਨੇ ਬਣਾਈ ਸੀ, ਵਿੱਚ ਇਹ ਮਾਸੂਮ ਪੜ੍ਹ ਰਹੀ ਸੀ। ਇਉਂ ਏਸ ਦੇ ਭਵਿੱਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਸਾਧਨ ਇੱਕ ਖ਼ਾਲਸਾ ਸੰਸਥਾ ਸੀ। ਅਫ਼ਸੋਸ ਕਿ ਉਹ ਏਥੇ ਪੜ੍ਹ ਕੇ ਆਪਣੇ ਪਰਵਾਰ ਦਾ ਭਾਰ ਚੁੱਕਣਯੋਗ ਨ ਹੋ ਸਕੀ। ਵਿੱਚੋਂ ਹੀ ਸੰਪ੍ਰਦਾਇਕਤਾ ਦਾ ਦੈਂਤ ਓਸ ਨੂੰ ਨਿਗ਼ਲ ਗਿਆ।

ਜਿੱਥੇ ਹੋਰ ਥਾਵੇਂ ਖੇਡੀ ਜਾ ਰਹੀ ਖ਼ੂਨ ਦੀ ਹੋਲੀ ਸਾਨੂੰ ਆਪਣਾ ਸਮਕਾਲੀ ਇਤਿਹਾਸ ਸਮਝਣ ਲਈ ਗਹੁ ਨਾਲ ਤੱਕਣੀ ਚਾਹੀਦੀ ਹੈ, ਓਥੇ ਅਰਦਾਸ ਕਰਨੀ ਵੀ ਬਣਦੀ ਹੈ ਕਿ ਇਹ ਲਹੂ ਦੇ ਵਗਦੇ ਦਰਿਆ ਬੰਦ ਹੋਣ। ਕਾਸ਼! ਕੁਈ ਸਮਝੇ ਕਿ ਮਾਸੂਮਾਂ ਦੇ ਖ਼ੂਨ ਨਾਲ ਨਹਾਉਣਾ ਭਾਰਤ ਨੂੰ ਇੱਕ ਕਰਨ ਦਾ ਤਰੀਕਾ ਨਹੀਂ ਬਲਕਿ ਖੇਰੂੰ-ਖੇਰੂੰ ਕਰਨ ਦਾ ਰਾਹ ਹੈ। ਏਸੇ ਨਫ਼ਰਤ ਨੇ ਅੱਗੇ ਤਿੰਨ ਟੁਕੜੇ ਕੀਤੇ ਹਨ।

ਕਰੀਬ ਹੈ ਯਾਰੋ ਰੋਜ਼ੇ ਮਹਸ਼ਰ। ਛੁਪੇਗਾ ਕੁਸ਼ਤੋਂ ਕਾ ਖ਼ੂੰ ਕਯੋਂ ਕਰ।
ਜੋ ਚੁਪ ਰਹੇਗੀ ਜ਼ੁਬਾਨੇ ਖੰਜਰ ਲਹੂ ਪੁਕਾਰੇਗਾ ਆਸਤੀਂ ਕਾ।

**ਗੁਰਤੇਜ ਸਿੰਘ**

*****

## ਸੁਝਵਾਨ ਖ਼ਾਲਸਾ ਜੀ !

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਸਮਝੋ

ਡਾ. ਗੁਰਸ਼ਰਨਜੀਤ ਸਿੰਘ

ਅੱਜ-ਕੱਲ੍ਹ ਪੰਥਕ ਹਲਕਿਆਂ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੂੰ ਲੈ ਕੇ ਹਲਚਲ ਮੱਚੀ ਹੋਈ ਹੈ। ਰਾਤੋ-ਰਾਤ ਪੰਥ-ਪ੍ਰਸਤਾਂ ਦੀਆਂ ਡਾਰਾਂ ਸਿੱਖ ਵੋਟਰਾਂ ਉੱਪਰ ਮੰਡਰਾਉਣ ਲੱਗੀਆਂ ਹਨ। ਕਈ ਗੁਰਸਿੱਖ ਇਨ੍ਹਾਂ ਚੋਣਾਂ ਰਾਹੀਂ ਕਿਸੇ ਵੱਡੀ ਕ੍ਰਾਂਤੀ ਦੀ ਉਡੀਕ ਵੀ ਲਾਈ ਬੈਠੇ ਹਨ ਪਰ ਬਹੁਗਿਣਤੀ ਸਿੱਖਾਂ ਨੂੰ ਇਨ੍ਹਾਂ ਚੋਣਾਂ ਦੀ ਮਹੱਤਤਾ ਅਤੇ ਇਸ ਕਮੇਟੀ ਦੀ ਪ੍ਰਸੰਗਕਤਾ ਦੀ ਬਹੁਤੀ ਸਮਝ ਨਹੀਂ। ਆਮ ਸਿੱਖ ਵੋਟਰ ਲਈ ਇਹ ਚੋਣਾਂ ਲੋਕ ਸਭਾ, ਵਿਧਾਨ ਸਭਾ, ਪੰਚਾਇਤ ਜਾਂ ਨਗਰ ਪਾਲਿਕਾ ਵਰਗੀਆਂ ਹੀ ਚੋਣਾਂ ਹਨ।

### ਭਾਰਤੀ ਚੋਣ ਪ੍ਰਬੰਧ:

ਸ਼੍ਰੋਮਣੀ ਕਮੇਟੀ ਚੋਣਾਂ ਭਾਰਤ ਦੇ ਵੱਡੇ ਚੋਣ-ਪ੍ਰਬੰਧ ਦਾ ਇੱਕ ਹਿੱਸਾ ਹੈ। ਉੱਪਰੋਂ ਦੇਖਣ ਨੂੰ ਲੱਗਣ ਵਾਲਾ ਇਹ ਲੋਕਤੰਤਰੀ ਪ੍ਰਬੰਧ, ਭਾਰਤ ਦੀ ਤ੍ਰਾਸਦੀ ਦਾ ਵੱਡਾ ਕਾਰਣ ਬਣ ਚੁੱਕਾ ਹੈ। ਇਸ ਪ੍ਰਬੰਧ ਵਿੱਚ ਪੈਸੇ ਅਤੇ ਤਾਕਤ ਦੀ ਦੁਰਵਰਤੋਂ ਬਹੁਤ ਮਹੱਤਤਾ ਰੱਖਦੀ ਹੈ। 'ਅੰਧੀ ਰਯਤ ਗਿਆਨ ਵਿਹੂਣੀ' (ਹਿੰਦੁਸਤਾਨੀ ਵੋਟਰ ਜਿਸ ਵਿੱਚ ਸਿੱਖ ਵੀ ਸ਼ਾਮਲ ਹਨ) ਹੋਣ ਕਰਕੇ ਮੁੜ-ਘਿੜ ਕੇ ਉਨ੍ਹਾਂ ਉਮੀਦਾਵਾਰਾਂ ਨੂੰ ਹੀ ਚੁਣਦੀ ਰਹੀ ਹੈ ਜੋ ਅੱਵਲ ਦਰਜੇ ਦੇ ਭ੍ਰਿਸ਼ਟ ਅਤੇ ਅਪਰਾਧੀ ਹਨ। ਭਾਰਤੀ ਲੋਕ ਸਭਾ ਦੀਆਂ ਹੁਣੇ ਹੋਈਆਂ ਚੋਣਾਂ ਦੇ ਨਤੀਜੇ ਦੱਸਦੇ ਹਨ ਕਿ ਭਾਰਤ ਵਿੱਚ ਕੋਈ ਭ੍ਰਿਸ਼ਟ ਨੇਤਾ ਅਤੇ ਅਪਰਾਧੀ ਹੈ ਹੀ ਨਹੀਂ ਹਨ। ਵਿਸ਼ੇਸ਼ ਕਰਕੇ ਦਿੱਲੀ ਵਿੱਚ ਜਗਦੀਸ਼ ਟਾਈਲਰ ਅਤੇ ਮਾਕਨ ਦਾ ਜਿੱਤਣਾ ਇਹ ਦੱਸਦਾ ਹੈ ਕਿ ਦਿੱਲੀ ਦੇ ਵੋਟਰਾਂ ਨੇ ਉਨ੍ਹਾਂ ਨੂੰ ਹਜ਼ਾਰਾਂ ਸਿੱਖਾਂ ਦੇ ਕਾਤਲ ਹੋਣ ਦੇ ਦੋਸ਼ ਤੋਂ ਬਰੀ ਕਰ ਦਿੱਤਾ ਹੈ। ਸਾਨੂੰ ਪਤਾ ਹੈ ਕਿ ਅਦਾਲਤਾਂ ਲੋਕਾਂ ਦੁਆਰਾ ਦਿੱਤੇ ਫ਼ਤਵਿਆਂ ਨੂੰ ਪ੍ਰਵਾਨ ਨਹੀਂ ਕਰਦੀਆਂ। ਸੋ, ਸੰਖੇਪ ਵਿੱਚ ਇਹੀ ਲਿਖਣਾ ਕਾਫ਼ੀ ਹੋਵੇਗਾ ਕਿ ਚੋਣਾਂ ਵਿੱਚ ਕਿਸੇ ਦੀ ਜਿੱਤ, ਉਸ ਨੂੰ ਦੁੱਧ ਨ੍ਹਾਤਾ ਨਹੀਂ ਬਣਾ ਸਕਦੀ।

ਦੂਜੇ ਪਾਸੇ ਇਮਾਨਦਾਰ ਅਤੇ ਸੱਚੀ-ਸੁੱਚੀ ਛਵੀ ਵਾਲੇ ਨੇਤਾ ਬੁਰੀ ਤਰ੍ਹਾਂ ਹਾਰਦੇ ਵੇਖੇ ਜਾ ਸਕਦੇ ਹਨ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕਦੇ ਵੀ ਆਮ ਚੋਣਾਂ ਨਹੀਂ ਜਿੱਤ ਸਕੇ।

ਸ਼੍ਰੋਮਣੀ ਕੇਮਟੀ ਚੋਣਾਂ ਵਿੱਚ ਵੀ ਇਮਾਨਦਾਰ, ਰਹਿਤ ਮਰਯਾਦਾ ਦੇ ਧਾਰਣੀ ਗੁਰਸਿੱਖਾਂ ਦਾ ਜਿੱਤ ਸਕਣਾ ਅਤਿਅੰਤ ਕਠਿਨ ਹੋ ਗਿਆ ਹੈ।

### ਇਹ ਕਿਹੜਾ ਪੰਥਕ ਜਜ਼ਬਾ ਹੈ ?

ਪਿਛਲੀਆਂ ਕੇਮਟੀ ਚੋਣਾਂ ਵਿੱਚ ਇੱਕ ਉਮੀਦਵਾਰ ਨੂੰ ਤਿੰਨ ਤੋਂ ਲੈ ਕੇ ਦਸ ਲੱਖ ਰੁਪਏ ਖਰਚਣੇ ਪਏ ਸਨ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਦੇ ਅਧਿਕਾਰਤ ਉਮੀਦਵਾਰਾਂ ਨੂੰ ਝੰਡੀਆਂ ਅਤੇ ਬੈਨਰ ਬਣਾਉਣ ਦਾ ਕੱਪੜਾ, ਦਰਬਾਰ ਸਾਹਿਬ ਦੇ ਸਿਰੋਪਿਆਂ ਲਈ ਖ਼ਰੀਦੇ ਕੱਪੜੇ ਵਿੱਚੋਂ ਮੁਹੱਈਆ ਹੋ ਜਾਂਦਾ ਹੈ। ਉਮੀਦਵਾਰਾਂ ਨੂੰ ਰੰਗਦਾਰ ਵੱਡੇ ਇਸ਼ਤਿਹਾਰ, ਹੋਰ ਸਮਗਰੀ ਛਪਵਾਉਣ ਤੋਂ ਇਲਾਵਾ, ਪੰਜ-ਸੱਤ ਗੱਡੀਆਂ ਦੇ ਤੇਲ ਦੇ ਖਰਚੇ ਤੋਂ ਇਲਾਵਾ, ਰੋਜ਼ਾਨਾ ਸੌ-ਡੇਢ ਸੌ ਬੰਦਿਆਂ ਦਾ ਲੰਗਰ ਵੀ ਤਿਆਰ ਕਰਨਾ ਪੈਂਦਾ ਹੈ। ਰਾਤ ਨੂੰ ਘਰ-ਘਰ ਸੋਮ-ਰਸ (ਸ਼ਰਾਬ) ਵੀ ਵਰਤਾਉਣੀ ਪੈਂਦੀ ਹੈ। ਜਿਹੜਾ ਮੈਂਬਰ ਵੱਧ ਖਰਚ ਕਰੇਗਾ, ਉਸ ਦਾ ਮੈਂਬਰ ਚੁਣੇ ਜਾਣਾ ਯਕੀਨੀ ਹੈ।

ਪ੍ਰਸ਼ਨ ਉੱਠਦਾ ਹੈ ਕਿ ਕੀ ਇਤਨਾ ਖ਼ਰਚ ਪੰਥਕ ਜਜ਼ਬੇ ਲਈ ਕੀਤਾ ਜਾਂਦਾ ਹੈ ? ਇੱਕ ਗਲ਼ੀ ਜਾਂ ਪਿੰਡ ਦੇ ਗੁਰਦੁਆਰੇ ਲਈ ਸੌ ਰੁਪਏ ਦੇ ਕੇ ਵੀ ਕੋਈ ਮੈਂਬਰ ਬਣਨ ਨੂੰ ਤਿਆਰ ਨਹੀਂ ਹੁੰਦਾ, ਜਦੋਂ ਕਿ ਸ਼੍ਰੋਮਣੀ ਕਮੇਟੀ ਵਿੱਚ ਮੈਂਬਰ ਬਣਨ ਲਈ ਲੱਖਾਂ ਰੁਪਏ ਫੂਕੇ ਜਾਂਦੇ ਹਨ। ਐਸਾ ਕਿਉਂ ? ਇਸਦਾ ਜੁਆਬ ਬੜਾ ਸਰਲ ਹੈ ਕਿ ਕਿਉਂਕਿ ਸ਼੍ਰੋਮਣੀ ਕਮੇਟੀ ਦਾ ਬਜਟ ਡੇਢ ਸੌ ਕਰੋੜ ਤੋਂ ਉੱਪਰ ਜਾ ਚੁੱਕਾ ਹੈ। ਇਸ ਕਮੇਟੀ ਦੀਆਂ ਖ਼ਰੀਦਾਂ ਵਿੱਚ ਕਮਿਸ਼ਨ (ਦਲਾਲੀ) ਦੀ ਆਮਦਨ ਹੀ ਲੱਖਾਂ ਵਿੱਚ ਹੋ ਜਾਂਦੀ ਹੈ। ਸਾਡੇ ਵੋਟਰ ਨਹੀਂ ਜਾਣਦੇ ਕਿ ਸ਼੍ਰੋਮਣੀ ਕਮੇਟੀ ਮੈਂਬਰ ਨੂੰ ਕੀ-ਕੀ ਸਹੂਲਤਾਂ ਪਰਦੇ ਦੇ ਪਿੱਛੇ ਮਿਲ ਰਹੀਆਂ ਹਨ। ਕਮੇਟੀ ਮੈਂਬਰ ਪਿੰਡਾਂ ਵਿਚਲੀ ਕਮੇਟੀ ਦੀ ਜ਼ਮੀਨ ਝੂਠੇ ਨਾਂਵਾਂ ਉੱਪਰ ਠੇਕੇ 'ਤੇ ਲੈ ਜਾਂਦੇ ਹਨ,

ਆਪਣੇ ਸਕੇ-ਸੰਬੰਧੀਆਂ ਨੂੰ ਨੌਕਰੀਆਂ ਦੁਆ ਕੇ ਉਨ੍ਹਾਂ ਤੋਂ ਪੈਸੇ ਲੈਂਦੇ ਹਨ, ਰਾਗੀਆਂ-ਪ੍ਰਚਾਰਕਾਂ ਨੂੰ ਵਿਦੇਸ਼ ਜਾਣ ਦੀ ਛੁੱਟੀ ਦੁਆ ਕੇ ਉਨ੍ਹਾਂ ਤੋਂ ਪੰਜਾਹ ਹਜ਼ਾਰ ਰੁਪਏ ਤੀਕ ਵਸੂਲਦੇ ਦੇਖੇ ਹਨ। ਸ਼੍ਰੋਮਣੀ ਕਮੇਟੀ ਦੇ ਹਸਪਤਾਲਾਂ ਵਿੱਚ ਕਮੇਟੀ ਮੈਂਬਰਾਂ ਦੇ ਪਰਿਵਾਰਾਂ ਦਾ ਇਲਾਜ਼ ਮੁਫ਼ਤ ਹੁੰਦਾ ਹੈ। ਮੈਂਬਰ ਕਮੇਟੀ ਦੇ ਦਫ਼ਤਰਾਂ ਤੋਂ ਅਸੀਮਤ ਫੋਨ ਦੇਸ਼-ਵਿਦੇਸ਼ ਵਿੱਚ ਕਰਦੇ ਹਨ। ਮੈਂਬਰ ਸਾਹਿਬਾਨ ਦੀਆਂ ਗੱਡੀਆਂ ਦੇ ਪੈਟਰੋਲ ਅਤੇ ਛੋਟੇ-ਮੋਟੇ ਜੇਬ-ਖ਼ਰਚੇ ਦਾ ਪ੍ਰਬੰਧ ਇਲਾਕੇ ਦੇ ਮੈਨੇਜਰ, ਗੁਰਦੁਆਰਾ ਸਾਹਿਬ ਕਰਦੇ ਹਨ। ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਮੈਡੀਕਲ ਕਾਲਜਾਂ ਵਿੱਚ ਮੈਂਬਰ ਦੇ ਬੱਚਿਆਂ ਲਈ ਸੀਟਾਂ ਰਾਖਵੀਆਂ ਹਨ। ਇੱਥੇ ਦਾਖਲਾ ਲੈਣ 'ਤੇ ਮੈਂਬਰਾਂ ਨੂੰ ਪੰਜਾਹ ਲੱਖ ਰੁਪਏ ਦਾ ਫ਼ਾਇਦਾ ਹੁੰਦਾ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਜਦੋਂ ਤਾਕਤ ਅਜ਼ਮਾਈ ਹੁੰਦੀ ਹੈ ਤਾਂ ਇਹ ਪੰਥ-ਪ੍ਰਸਤ ਮੈਂਬਰ ਆਪਣਾ ਪੂਰਾ ਮੁੱਲ ਪਵਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ। ਸਾਡੇ ਪਾਠਕਾਂ ਨੂੰ ਯਾਦ ਹੋਵੇਗਾ ਕਿ ਟੌਹੜਾ-ਬਾਦਲ ਦੀ ਸਿਆਸੀ ਜੰਗ ਵਿੱਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਸ. ਬਾਦਲ ਨੇ ਬਾਲਾਸਰ ਦੇ ਮਹਲ ਵਿੱਚ ਲਿਜਾ ਕੇ ਜਿੱਥੇ ਹਰ ਤਰ੍ਹਾਂ ਦੀ ਐਸ਼ ਕਰਵਾਈ ਉੱਥੇ ਹਰ ਮੈਂਬਰ ਨੂੰ ਅਭੁੱਲ ਅਤੇ ਕੀਮਤੀ ਤੋਹਫ਼ੇ (ਕਿਸੇ ਨੂੰ ਨਕਦੀ, ਕਿਸੇ ਨੂੰ ਰੂਟ ਪਰਮਿਟ, ਕਿਸੇ ਨੂੰ ਟਿਕਟ ਦਾ ਵਾਅਦਾ, ਕਿਸੇ ਨੂੰ ਗੁਰਦੁਆਰਾ ਫੰਡ ਦੇ ਖੂਹ-ਖਾਤੇ ਵਿੱਚੋਂ ਪੱਕੀ ਪੈਨਸ਼ਨ, ਕਿਸੇ ਦੇ ਰਿਸ਼ਤੇਦਾਰ ਨੂੰ ਨੌਕਰੀ ਅਤੇ ਪਤਾ ਨਹੀਂ ਹੋਰ ਕੀ ਕੁਝ ਸੀ!) ਦੇ ਕੇ ਨਿਹਾਲ ਕੀਤਾ। ਉਸ ਵੇਲੇ ਸ਼੍ਰੋਮਣੀ ਕਮੇਟੀ ਮੈਂਬਰ ਦਾ ਮੁੱਲ ਐਮ.ਐਲ.ਏ. ਜਾਂ ਲੋਕ ਸਭਾ ਮੈਂਬਰ ਤੋਂ ਵੀ ਵਧ ਗਿਆ ਸੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੀ ਹੈ ?

ਆਉ! ਹੁਣ ਉਸ ਸੰਸਥਾ, ਜਿਸ ਦੇ ਮੈਂਬਰ ਬਣਨ ਲਈ ਇਹ ਲੋਕ ਤਰਲੋ-ਮੱਛੀ ਹੋਏ ਪੰਥ ਦਾ ਰਾਗ ਅਲਾਪਦੇ ਫਿਰ ਰਹੇ ਹਨ, ਬਾਰੇ ਜਾਣੀਏ।

ਕਹਿਣ ਨੂੰ ਇਹ ਪੰਥ ਦੀ ਸਰਵੁੱਚ ਸੰਸਥਾ ਗੁਰਦੁਆਰਿਆਂ ਦੇ ਸੁਚਾਰੂ ਪ੍ਰਬੰਧ ਅਤੇ ਧਰਮ ਪ੍ਰਚਾਰ ਦਾ ਕੰਮ ਕਰਨ ਲਈ ਹੈ ਪਰ ਅਸਲੀਅਤ ਇਹ ਹੈ ਕਿ ਇਹ ਸੰਸਥਾ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਲਣਾ ਲਈ ਸ੍ਰੋਤ ਵਜੋਂ ਕੰਮ ਕਰਦੀ ਹੈ। ਸ਼੍ਰੋਮਣੀ ਕਮੇਟੀ ਦੇ ਫੰਡ ਅਤੇ ਹੋਰ ਸ੍ਰੋਤਾਂ ਨੂੰ ਅਕਾਲੀ ਸਿਆਸਤ ਦੀ ਮਜ਼ਬੂਤੀ ਲਈ ਵਰਤਿਆ ਜਾਂਦਾ ਹੈ। ਇਸੇ ਸੰਸਥਾ ਉੱਪਰ ਕਬਜ਼ਾ ਰਹਿਣ ਕਾਰਨ, ਕੋਈ ਸਿਆਸੀ ਪਾਰਟੀ ਸ: ਬਾਦਲ ਦਾ ਮੁਕਾਬਲਾ ਨਹੀਂ ਕਰ ਸਕਦੀ। ਸ਼੍ਰੋਮਣੀ ਕਮੇਟੀ ਦੇ 170 ਮੈਂਬਰਾਂ ਨੂੰ ਇਸ ਤਰੀਕੇ ਨਾਲ ਭ੍ਰਿਸ਼ਟ ਕੀਤਾ ਜਾਂਦਾ ਹੈ ਕਿ ਉਹ ਅਕਾਲੀ ਸਿਆਸਤ ਦੇ 170 ਕਿਲ੍ਹੇ ਬਣ ਜਾਂਦੇ ਹਨ। ਬੇਰੁਜ਼ਗਾਰ ਲੋਕ ਰੁਜ਼ਗਾਰ ਪ੍ਰਾਪਤ ਕਰਨ ਲਈ ਇਨ੍ਹਾਂ ਦੇ ਪਿੱਛੇ ਤੁਰੇ ਫਿਰਦੇ ਹਨ, ਕੋਈ ਕਮੇਟੀ ਤੇ ਸਕੂਲਾਂ/ਕਾਲਜਾਂ ਵਿੱਚ ਦਾਖਲ ਹੋਣ ਲਈ ਇਨ੍ਹਾਂ ਦੇ ਤਰਲੇ ਕੱਢੀ ਜਾਂਦਾ ਹੈ ਆਦਿ। ਇਹ ਮੈਂਬਰ ਧਰਮ ਪ੍ਰਚਾਰ ਲਈ ਘੱਟ ਅਤੇ ਅੱਗੋਂ ਐਮ.ਐਲ.ਏ. ਜਾਂ ਹੋਰ ਵੱਡੀ ਸਿਆਸੀ ਪੁਲਾਂਘ ਪੁੱਟਣ ਬਾਰੇ ਵੱਧ ਸੋਚਦੇ ਹਨ। ਕੋਈ ਮੈਂਬਰ ਨਹੀਂ ਦੱਸ ਸਕਦਾ ਕਿ ਪਿਛਲੇ 7-8 ਸਾਲਾਂ ਵਿੱਚ ਕਿਤਨੇ ਸਿੱਖਾਂ ਦੀ ਸ਼ਰਾਬ ਛੁਡਾਈ, ਕਿੰਨੇਂ ਨੌਜਵਾਨਾਂ ਦੇ ਕੇਸ ਰਖਵਾਏ ਜਾਂ ਕਿੰਨੇ ਸਿੱਖਾਂ ਨੂੰ ਅੰਮ੍ਰਿਤ ਛਕਣ ਲਈ ਤਿਆਰ ਕੀਤਾ ਹੈ। ਸਿਵਾਏ ਸਿਆਸਤ ਤੋਂ ਇਹ ਮੈਂਬਰ ਸਾਰਾ ਦਿਨ ਕੁਝ ਨਹੀਂ ਕਰਦੇ — ਨਾ ਇਹਨਾਂ ਵਿੱਚ ਏਸ ਤੋਂ ਸਿਵਾ ਕੁਝ ਕਰਨ ਦੀ ਸਮਰੱਥਾ ਹੈ ਤੇ ਨਾ ਹੀ ਸਿੱਖੀ ਅਤੇ ਸਿੱਖਾਂ ਦੀ ਜਮਾਤੀ ਭਲਾਈ ਕਰਨ ਦੀ ਕੋਈ ਬੌਧਿਕ ਯੋਗਤਾ।

## ਚੋਣਾਂ ਲੜ ਰਹੀਆਂ ਧਿਰਾਂ ਕੌਣ ਹਨ ?

ਇਸ ਚੋਣ-ਦੰਗਲ ਨੂੰ ਭਰਾ-ਮਾਰੂ ਜੰਗ ਵੀ ਕਿਹਾ ਜਾਵੇ ਤਾਂ ਕੋਈ ਗ਼ਲਤ ਨਹੀਂ ਹੋਵੇਗਾ। ਇਸ ਦੰਗਲ ਵਿੱਚ ਦੋ ਧਿਰਾਂ ਆਹਮੋ-ਸਾਹਮਣੇ ਹਨ। ਪਹਿਲੀ ਧਿਰ ਜਿਸ ਦੀ ਅਗਵਾਈ ਸ੍ਰ. ਪ੍ਰਕਾਸ਼ ਸਿੰਘ ਬਾਦਲ ਕਰ ਰਿਹਾ ਹੈ। ਉਸ ਦੇ ਕੱਦ ਦਾ ਪੰਜਾਬ ਵਿੱਚ ਕੋਈ ਦੂਜਾ ਨੇਤਾ ਨਹੀਂ। ਉਸ ਦਾ ਸਿਤਾਰਾ ਅਜੇ ਬੁਲੰਦ ਹੈ। ਉਸ ਵਿਰੁੱਧ ਟੌਹੜੇ-ਤਲਵੰਡੀ ਵਰਗਾ ਵੀ ਕੁਸਕ ਨਹੀਂ ਸਕਦਾ। ਉਸ ਦਾ ਵਿਰੋਧ ਕਰਨ ਦਾ ਅਰਥ ਹੈ ਕਿ ਤੁਸੀਂ ਕਾਂਗਰਸੀ ਹੋ। ਅੱਜ ਤੁਸੀਂ ਪੰਜ ਬਾਣੀਆਂ ਦੇ ਨਿੱਤਨੇਮੀ ਹੋਵੋ, ਸੱਚੇ-ਸੁੱਚੇ ਕਿਰਤੀ ਹੋਵੋ ਜਾਂ ਪੰਜ ਕਕਾਰਾਂ ਦੇ ਧਾਰਨੀ ਵੀ ਹੋਵੋ ਤਾਂ ਉਸ ਸਮੇਂ ਤੀਕ ਤੁਹਾਨੂੰ ਪੰਥ-ਪ੍ਰਸਤ ਹੋਣ ਦਾ ਸਰਟੀਫ਼ਿਕੇਟ ਨਹੀਂ ਮਿਲ ਸਕਦਾ, ਜਦੋਂ ਤੀਕ ਤੁਸੀਂ ਤਨੋ-ਮਨੋ ਸ੍ਰ. ਬਾਦਲ ਨੂੰ ਸਿੱਖਾਂ ਦਾ ਗਿਆਰਵਾਂ ਗੁਰੂ ਨਹੀਂ ਮੰਨਦੇ। ਦੂਜੇ ਪਾਸੇ ਤੁਸੀਂ ਦਾੜ੍ਹੀ-ਕੇਸ ਨਾ ਵੀ ਰੱਖੇ ਹੋਣ, ਸ਼ਰਾਬ ਵੀ ਨਿਸੰਗ ਪੀਂਦੇ ਹੋਵੋ, ਅਤਿ ਦਰਜੇ ਦੇ ਭ੍ਰਿਸ਼ਟ ਵੀ ਹੋਵੋ, ਆਸ਼ੂਤੋਸ਼ ਜਾਂ ਭਨਿਆਰੇ ਵਾਲੇ ਦੇ ਚੇਲੇ ਵੀ ਹੋਵੋ ਪਰ ਨਾਲ ਸ੍ਰ. ਬਾਦਲ ਜ਼ਿੰਦਾਬਾਦ ਦੇ ਜੈਕਾਰੇ ਲਾਉਣ ਵਾਲੇ ਹੋ ਤਾਂ ਤੁਹਾਨੂੰ ਵੱਡਾ ਪੰਥ-ਪ੍ਰਸਤ ਮੰਨ ਲਿਆ ਜਾਵੇਗਾ। ਬਾਦਲ ਦਾ ਅਰਥ ਪੰਥ ਹੈ ਅਤੇ ਪੰਥ ਦਾ ਮਤਲਬ ਬਾਦਲ ਹੋ ਚੁੱਕਾ ਹੈ। ਸ਼ਾਇਦ! ਸਿੱਖ ਰਹਿਤ ਮਰਯਾਦਾ ਵਿੱਚ ਪੰਥ ਦੀ ਪਰਿਭਾਸ਼ਾ ਨੂੰ ਨਵੇਂ ਚੁਣੇ ਜਾਣ ਵਾਲੇ ਮੈਂਬਰ ਬਦਲ ਦੇਣ ? ਉਨ੍ਹਾਂ ਦੇ ਮੈਨੀਫੈਸਟੋ ਵਿੱਚ ਭਾਵੇਂ ਇਹ ਨਾ ਲਿਖਿਆ ਜਾਵੇ ਪਰ ਇਹ ਉਨ੍ਹਾਂ ਦਾ ਲੁਕਵਾਂ ਏਜੰਡਾ ਜ਼ਰੂਰ ਰਹੇਗਾ।

ਦੂਜੀ ਧਿਰ ਦੀ ਅਗਵਾਈ ਬਾਬਾ ਸਰਬਜੋਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਦਾ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਕਰ ਰਿਹਾ ਹੈ। ਇਨ੍ਹਾਂ ਦਾ ਨਿਸ਼ਾਨਾ ਇੱਕੋ ਹੈ ਕਿ ਭਾਈ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਜਾਵੇ। ਗੁਰੂ-ਬੰਸ ਬਾਰੇ ਭਾਈ ਗੁਰਦਾਸ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਫੁਰਮਾਣ ਸਿੱਖਾਂ ਨੂੰ ਭੁੱਲ ਨਹੀਂ ਸਕਦੇ। ਗੁਰੂ-ਬੰਸ ਤਾਂ ਖ਼ਾਲਸਾ ਪੰਥ ਹੈ। ਭਾਈ ਰਣਜੀਤ ਸਿੰਘ ਦੇ ਜਥੇਦਾਰੀ ਦੇ ਸਮੇਂ ਨੂੰ ਵੀ ਕੋਈ ਭੁੱਲਾ ਨਹੀਂ। ਇਸੇ ਸਮੇਂ ਅਕਾਲ ਤਖ਼ਤ ਨੂੰ ਇੱਕ ਕਚਿਹਰੀ ਦਾ ਜਾਂ ਤਸੀਹਾ ਕੇਂਦਰ ਦਾ ਰੂਪ ਦੇਣ ਦੀ ਕੋਸ਼ਿਸ਼ ਹੋਈ। ਸਿੱਖਾਂ ਨੂੰ ਲੰਗਰ ਵਿਵਾਦ ਵਿੱਚ ਉਲਝਾ ਦਿੱਤਾ ਗਿਆ। ਜਥੇਦਾਰ ਟੌਹੜਾ ਨੂੰ ਨਿਰੰਕਾਰੀ ਭਵਨ ਵਿੱਚ ਜਾ ਕੇ ਵੋਟਾਂ

ਮੰਗਣ ਦੇ ਦੋਸ਼ ਤੋਂ ਜਿਸ ਤਰ੍ਹਾਂ ਬਰੀ ਕੀਤਾ ਗਿਆ ਸੀ, ਉਸ ਦੀ ਯਾਦ ਅਜੇ ਪੁਰਾਣੀ ਨਹੀਂ ਹੋਈ। ਬਾਕੀ ਇਨ੍ਹਾਂ ਵਿੱਚ ਕੋਈ ਸਾਂਝ ਨਹੀਂ। ਨਾ ਨਿਸ਼ਾਨਾ ਮਿਥਿਆ ਗਿਆ ਅਤੇ ਨਾ ਹੀ ਨਿਸ਼ਾਨੇ ਦੀ ਪ੍ਰਾਪਤੀ ਦਾ ਮਾਰਗ ਹੀ ਸਪਸ਼ਟ ਹੈ। ਸ਼ਾਇਦ! ਭਾਈ ਰਣਜੀਤ ਸਿੰਘ ਨੂੰ ਮੁੜ ਜਥੇਦਾਰ ਥਾਪਣ ਬਾਰੇ ਵੀ ਇਹ ਸਾਰੇ ਇੱਕਮੱਤ ਨਹੀਂ।

ਲੱਗਦਾ ਹੈ ਕਿ ਇਹ ਦੋਵੇਂ ਧਿਰਾਂ ਪੰਥ ਦੀ ਭਲਾਈ ਨਹੀਂ ਕਰ ਸਕਦੀਆਂ। ਪਰ ਸਥਾਪਤ ਧਿਰ ਨੂੰ ਥੋੜ੍ਹਾ ਨੁਕਸਾਨ ਪਹੁੰਚਾਉਣ ਵਿੱਚ ਦੂਜੀ ਧਿਰ ਕੁਝ ਸਫ਼ਲ ਹੋਵੇ ਤਾਂ ਇਸ ਦਾ ਕੁਝ ਲਾਭ ਤਾਂ ਪੰਥ ਨੂੰ ਹੋ ਹੀ ਸਕਦਾ ਹੈ।

## ਕੀਤਾ ਕੀ ਜਾਵੇ ?

ਚੋਣਾਂ ਆਈਆਂ ਹਨ। ਬਹੁਤੇ ਦਬੜੂ-ਘੁਸੜੂ ਜਿੱਤ ਜਾਣਗੇ। ਕੁੱਲ ਮਿਲਾ ਕੇ ਕੋਈ ਤਬਦੀਲੀ ਨਹੀਂ ਆਵੇਗੀ। ਕੋਈ ਨਵਾਂ ਪ੍ਰਧਾਨ ਬਣੇ ਜਾਂ ਨਵਾਂ ਅਹੁਦੇਦਾਰ, ਇਸ ਨਾਲ ਨਾ ਪਤਿਤਪੁਣਾ ਰੁਕੇਗਾ, ਨਾ ਨਸ਼ਿਆਂ ਨੂੰ ਠੱਲ੍ਹ ਪਵੇਗੀ, ਨਾਂ ਸਿੱਖਾਂ ਵਿੱਚੋਂ ਬ੍ਰਾਹਮਣਵਾਦ ਰੁਕੇਗਾ, ਨਾ ਦੇਹਧਾਰੀ ਗੁਰੂ ਦਾ ਹਮਲਾ ਬੰਦ ਹੋਵੇਗਾ; ਸਗੋਂ ਡੇਰਾਵਾਦ ਹੋਰ ਮਜ਼ਬੂਤ ਹੁੰਦਾ ਜਾਵੇਗਾ, ਗੁਰੂ ਦੀ ਗੋਲਕ ਦੀ ਦੁਰਵਰਤੋਂ ਵਧੇਗੀ, ਸ਼੍ਰੋਮਣੀ ਕਮੇਟੀ ਵਿੱਚ ਸਿਆਸੀ ਗਲਬਾ ਵਧੇਗਾ। ਪੁਜਾਰੀਵਾਦ ਨੂੰ ਸ਼ਕਤੀਸ਼ਾਲੀ ਕਰ ਕੇ ਸਿੱਖਾਂ ਨੂੰ ਗਿਆਨ-ਵਿਹੂਣੀ ਕੱਟੜਤਾ ਵੱਲ ਧੱਕਣ ਦੀ ਪੂਰੀ ਵਾਹ ਲਾਈ ਜਾਵੇਗੀ।

ਸਿੱਖ ਪੰਥ ਅਤੇ ਸਿੱਖਾਂ ਦਾ ਭਲਾ ਸ਼੍ਰੋਮਣੀ ਕਮੇਟੀ ਨਹੀਂ ਕਰ ਸਕਦੀ। ਜੇ ਅਸੀਂ ਚਾਹੁੰਦੇ ਹਾਂ ਕਿ ਸਿੱਖੀ ਦੀ ਚੜ੍ਹਦੀ ਕਲਾ ਹੋਵੇ ਤਾਂ ਸਾਨੂੰ ਵੱਡੇ ਪੱਧਰ 'ਤੇ ਹੇਠ ਲਿਖੇ ਉਪਰਾਲੇ ਆਰੰਭਣ ਦੀ ਲੋੜ ਹੈ:

1. ਇੱਕ ਵਿਚਾਰਧਾਰਾ ਵਾਲੀ ਧਿਰ ਦੀ ਨਿਸ਼ਾਨਦੇਹੀ ਕੀਤੀ ਜਾਵੇ।
2. ਸ਼੍ਰੋਮਣੀ ਕਮੇਟੀ ਦੇ 170 ਮੈਂਬਰਾਂ ਦੀ ਤਰਜ਼ 'ਤੇ ਹਰ ਇਲਾਕੇ ਦੀ ਸੰਗਤ ਵੱਲੋਂ ਚੁਣੇ ਸਿੰਘਾਂ ਦੀ 170 ਮੈਂਬਰੀ ਕਮੇਟੀ ਦੀ ਨਿਯੁਕਤੀ ਕੀਤੀ ਜਾਵੇ।
3. ਹਰ ਕਮੇਟੀ ਮੈਂਬਰ ਆਪਣ ਇਲਾਕੇ ਵਿੱਚ ਗੁਰਬਾਣੀ-ਪ੍ਰਚਾਰ ਦੇ ਯਤਨਾਂ ਦੀ ਦੇਖ-ਰੇਖ ਕਰੇ।
4. ਕਮੇਟੀ ਗੁਰਸਿੱਖ ਪਰਿਵਾਰਾਂ ਨਾਲ ਸੰਪਰਕ ਸਥਾਪਤ ਕਰ ਕੇ, ਉਨ੍ਹਾਂ ਦੀਆਂ ਭਾਵਨਾਤਮਕ ਲੋੜਾਂ ਅਤੇ ਪਦਾਰਥਕ ਥੋੜਾਂ ਦੀ ਪੂਰਤੀ ਲਈ ਯਤਨਸ਼ੀਲ ਰਹੇ।

ਇਸ ਕਮੇਟੀ ਦੇ ਪ੍ਰੋਗਰਾਮ ਬਾਰੇ ਮੈਂ ਇੱਕ ਵੱਖਰਾ ਲੇਖ ਲਿਖਾਂਗਾ। ਜੇ ਅਸੀਂ ਅਜਿਹਾ ਨਾ ਕੀਤਾ ਤਾਂ ਪੰਥਕ ਪ੍ਰਬੰਧ ਹੋਰ ਨਿਘਾਰ ਵੱਲ ਜਾਵੇਗਾ ਅਤੇ ਪੰਥਕ ਘੇਰੇ ਵਿੱਚ ਨਿਰਾਸ਼ਤਾ ਪਸਰਦੀ ਜਾਵੇਗੀ।

ਵਿਚਾਰ-ਵਟਾਂਦਰੇ ਲਈ ਪਤਾ:
16, ਮਾਡਰਨ ਕਲੋਨੀ, ਛੇਹਰਟਾ, ਅੰਮ੍ਰਿਤਸਰ।

*****

# ਠਹਿਰੋ, ਸੋਚੋ ਤੇ ਚੁਣੋ ਸਿਰਦਾਰ ਕੋਈ.....

(ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀਆਂ ਚੋਣਾਂ ਦੇ ਸੰਦਰਭ ਵਿੱਚ)

ਗਿ: ਧਰਮ ਸਿੰਘ ਭੰਖਰਪੁਰ

"ਯਿਹ ਐਸ਼ਗਾਹ ਨਹੀਂ ਹੈ, ਯਹਾਂ ਰੰਗ ਕੁਛ ਔਰ ਹੈ,
ਹਰ ਗੁਲ ਹੈ ਇਸ ਚਮਨ ਮੇਂ ਸਾਗਰ ਭਰਾ ਲਹੂ ਕਾ।"

ਸਿਰਾਂ 'ਤੇ ਝੂਠ ਦੇ ਪੁਲੰਦੇ ਚੁੱਕੀ ਫ਼ਿਰਦੇ, ਦੁਸ਼ਟਤਾਈ ਭਰਪੂਰ ਰਾਜਨੀਤਕਾਂ ਦਾ ਇਸ ਗੁਲਿਸਤਾਨ ਦੇ ਅੰਦਰ ਕੀ ਕੰਮ ? ਇਹ ਸੱਚ - ਧਰਮ ਦਾ ਮਾਮਲਾ ਹੈ। ਏਥੇ ਲੂੰਬੜ-ਚਾਲੂਆਂ, ਖ਼ਰਮਸਤਿਆਂ ਨੂੰ ਖ਼ੌਰੂ ਪਾਉਣ ਦੀ ਬਿਲਕੁਲ ਇਜਾਜ਼ਤ ਨਹੀਂ ਦੇਣੀ ਚਾਹੀਦੀ। ਇਹ ਲੋਕ ਖ਼ਾਲਸਾ-ਪੰਥ ਦਾ ਕੁਝ ਵੀ ਸੰਵਾਰਨ ਦੇ ਸਮਰੱਥ ਨਹੀਂ, ਵਿਗਾੜ ਸਭ ਕੁਝ ਸਕਦੇ ਹਨ। ਚੌਧਰਾਂ ਦੇ ਭੁੱਖਿਆਂ ਨੂੰ ਚੌਧਰਾਂ ਦੇ ਛੱਜ ਬੰਨ੍ਹਾਉਣ ਦੀ ਪੱਕੀ ਬੀਮਾਰੀ ਏ। ਇਹ ਲੋਕ ਗੁਰਮੁਖਾਂ ਨਾਲ ਸਫ਼ਾ ਵਿਛਾ ਕੇ ਬੈਠਣ ਨੂੰ ਤਰਜੀਹ ਨਹੀਂ ਦਿੰਦੇ — ਕੁਰਸੀ 'ਤੇ ਬੈਠਣ ਦੀ ਜੁ ਆਦਤ ਏ; ਕੁਰਸੀ ਭਾਵੇਂ ਨਰਕਾਂ ਦੀ ਪ੍ਰਧਾਨਗੀ ਦੀ ਮਿਲੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੋਇਆ। ਮੈਂਬਰੀ ਦੀ ਉਮੀਦਵਾਰੀ ਲਈ ਕਾਗ਼ਜ਼ ਦਾਖ਼ਲ ਕਰਨ ਦਾ ਸਮਾਂ ਆਇਆ ਤਾਂ ਰਾਤੋ-ਰਾਤ ਖੁੱਲ੍ਹੇ ਦਾੜ੍ਹੇ, ਗੂੜ੍ਹੀਆਂ ਨੀਲੀਆਂ-ਕੇਸਰੀ ਦਸਤਾਰਾਂ ਸਜ ਗਈਆਂ, ਕਿਰਪਾਨਾਂ ਦੇ ਗਾਤਰੇ ਉੱਪਰੋਂ ਦੀ ਦਿੱਸਣ ਲੱਗ ਪਏ, ਜਿਵੇਂ ਚਿਰੋਕਣੇ ਖ਼ਾਲਸੇ ਸਜੇ ਹੋਣ— ਪੁਰਾਤਨ ਸਿੰਘ। ਕਾਲਖ਼ ਮਲ਼ ਮਲ਼ ਸਿਰ-ਮੂੰਹ ਕਾਲ-ਕਲੂਟੇ ਕੀਤੇ ਹੋਏ—ਜਿਵੇਂ ਬੁੱਢਾ ਦਲ ਨੂੰ ਅਲਵਿਦਾ ਕਹਿ ਕੇ ਤਾਜ਼ੇ-ਤਾਜ਼ੇ ਤਰੁਣਾ ਦਲੀਏ ਬਣੇ ਹੋਣ; ਬੁੱਢਿਆਂ ਨੂੰ ਜਵਾਨੀ ਚੜ੍ਹੀ ਹੋਵੇ। ਕਈਆਂ ਵਿਚਾਰਿਆਂ ਨੇ ਤਾਂ ਪੰਜ ਪਿਆਰਿਆਂ ਦੇ ਸਨਮੁਖ ਹੋ ਕੇ ਅੰਮ੍ਰਿਤ ਪਾਨ ਵੀ ਨਹੀਂ ਕੀਤਾ, ਕੇਵਲ ਵਰਦੀ ਧਾਰਨ ਕਰ ਲਈ ਏ ਖ਼ਾਲਸੇ ਦੀ—ਜਿਵੇਂ ਗਿੱਦੜਾਂ ਨੇ ਸ਼ੇਰ ਦੀ ਖੱਲ ਓਢ ਲਈ ਹੋਵੇ। ਨਾਟਕ ਬਾਜ਼ੀ ਹੋ ਰਹੀ ਏ; ਕੁਫ਼ਰ ਤੋਲਿਆ ਜਾ ਰਿਹਾ ਏ; ਝੂਠ ਰੂਪੀ ਕੂੜ-ਕਬਾੜ ਦੀ ਗੰਦਗੀ ਨੂੰ ਚਿੱਟੀ ਚਾਦਰ ਪਾ ਕੇ ਢੱਕਿਆ ਜਾ ਰਿਹਾ ਏ ਤਾਂ ਜੁ ਲੋਕ ਭੁਲੇਖਾ ਖਾ ਸਕਣ ਅਤੇ ਇਨ੍ਹਾਂ ਸਮਰਾਟ ਜਾਦੂਗਰਾਂ ਦੇ ਇੰਦਰਜਾਲ ਵਿੱਚ ਫ਼ਸ ਸਕਣ।

ਵੇਖਿਆ ਏ! ਕੀ ਕੁਝ ਕੀਤਾ ਜਾ ਰਿਹਾ ਏ ? ਕਿਹੋ-ਕਿਹੋ ਜੇਹੇ ਪਾਪੜ ਵੇਲੇ ਜਾ ਰਹੇ ਨੇ ਚੌਧਰਾਂ ਪਿੱਛੇ। ਨਾ ਕੋਈ ਗੁਣ ਤੇ ਨਾ ਕੋਈ ਯੋਗਤਾ। ਵੋਟ ਰਾਜ ਏ! ਗੁਣ ਥੋੜਾ ਵੇਖੇ ਜਾਂਦੇ ਨੇ, ਗਿਣਤੀ ਵੇਖੀ ਜਾਂਦੀ ਏ। ਦੁਨੀਆਂ ਵਿੱਚ ਸਿਆਣੇ ਗੁਣਵਾਨ ਤਾਂ ਘੱਟ ਮਿਲਦੇ ਨੇ—ਦੀਵਾ ਲੈ ਕੇ ਢੂੰਡਿਆਂ ਵੀ। ਇਸ ਲਈ ਬਹੁ ਗਿਣਤੀ ਕੋਲ ਹੀ ਚੌਧਰ ਆਉਣੀ ਹੋਈ। ਅੰਨ੍ਹਿਆਂ ਵਿੱਚ ਕਾਣਾ ਰਾਜਾ ਤਾਂ ਕਿਸੇ ਹੱਦ ਤੱਕ ਜਾਇਜ਼ ਹੁੰਦਾ ਏ ਪਰ ਸੁਜਾਖਿਆਂ ਦੇ ਹੁੰਦਿਆਂ-ਸੁੰਦਿਆਂ ਅੰਨ੍ਹੇ ਰਾਜੇ ਬਣਨ, ਇਹ ਕਿਵੇਂ ਬਰਦਾਸ਼ਤ ਹੋ ਸਕਦਾ ਏ।

ਆਪਣੇ ਹਲਕੇ ਤੋਂ ਖੜ੍ਹੇ ਹੋਏ ਕਿਸੇ ਵੀ ਉਮੀਦਵਾਰ ਤੋਂ ਕੀ ਸਿੱਖ

ਸੰਗਤਾਂ ਪੁੱਛ ਨਹੀਂ ਸਕਦੀਆਂ ਕਿ ਕਿਉਂ ਬਈ ਸਿੱਖ-ਇਤਿਹਾਸ ਵਿੱਚੋਂ ਪੁੱਛੇ ਗਏ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਣ ਦੇ ਸਮਰੱਥ ਏਂ ? ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨੁਸਾਰੀ ਏਂ ਜਾਂ ਕਿਸੇ ਦੇਹਧਾਰੀ, ਡੇਰੇਦਾਰ ਦਾ ਅਨਿੰਨ ਭਗਤ, ਸ਼ਰਧਾਲੂ ਬਣਿਆ ਹੋਇਆ ਏਂ ? ਗੁਰੂ ਗ੍ਰੰਥ ਸਾਹਿਬ ਜੀ ਦੇ ਹੁਣ ਤੱਕ ਕਿੰਨੇ ਕੁ ਸਹਿਜ ਪਾਠ ਅਧਿਐਨ ਹਿਤ ਕੀਤੇ ਹਨ ? ਗੁਰੂ ਗ੍ਰੰਥ ਅਤੇ ਗੁਰੂ-ਪੰਥ ਦਾ ਮੁੱਖ ਟੀਚਾ ਕੀ ਏ ? ਕਿਹੋ ਜਿਹੀ ਵਿਵਸਥਾ ਚਾਹੁੰਦਾ ਏ ਸੰਸਾਰ ਵਿੱਚ ਗੁਰੂ-ਖ਼ਾਲਸਾ ? ਉਪਰੋਕਤ ਕੁਝ ਕੁ ਪ੍ਰਸ਼ਨਾਂ 'ਤੇ ਖ਼ਰਾ ਉੱਤਰਦਾ ਏਂ ਜਾਂ ਮਿੱਟੀ ਦਾ ਮਾਧੋ ਏਂ—ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸੌਂਪਣ ਵਾਲਾ ? ਜੇਕਰ ਮਿੱਟੀ ਦਾ ਬਾਵਾ ਈ ਏਂ ਤਾਂ ਸਾਡੇ ਕੋਲ ਕੀ ਲੈਣ ਆਇਆ ਏਂ ?

ਧੜਿਆਂ ਅਤੇ ਦਲਾਂ ਦੀ ਪਕੜ ਛੱਡੋ। ਤੁਸੀਂ ਕਿਸੇ ਟੌਹੜੇ, ਬਾਦਲ, ਮਾਨ, ਤਲਵੰਡੀ ਜਾਂ ਕਿਸੇ ਹੋਰ ਤੋਂ ਕੁਝ ਲੈ ਕੇ ਖਾਧਾ ਹੋਇਆ ਏ ਜੁ ਤੁਸੀਂ ਅਹਿਸਾਨਮੰਦ ਹੋ ? ਕਿਸੇ ਦੇ ਦਬਾਅ ਥੱਲੇ ਆ ਕੇ ਵੋਟ ਪਾਉਣੀ ਵੋਟ ਦੀ ਨਿਰਾਦਰੀ ਹੀ ਨਹੀਂ ਬਲਕਿ ਆਪਣੀ ਮੱਤਹੀਣਤਾ ਦਾ ਵੀ ਸ਼ਰ੍ਹੇਆਮ ਮੁਜ਼ਾਹਰਾ ਏ, ਮੂਰਖਤਾ ਦੀ ਪ੍ਰਦਰਸ਼ਨੀ ਏ ? ਸਮੇਂ 'ਤੇ ਸੱਚ ਨਾ ਬੋਲਿਆ, ਮਗਰੋਂ ਸੱਚ ਬੋਲਣ ਦਾ ਕੀ ਲਾਭ ?

ਗੁਰਮਤਿ-ਗੁਣਾਂ ਨਾਲ ਭਰਪੂਰ ਭਾਵੇਂ ਕੋਈ ਵੀ ਹੋਵੇ, ਵੋਟ ਉਸ ਦੇ ਹੱਕ ਵਿੱਚ ਭੁਗਤਾਈ ਜਾਣੀ ਜ਼ਰੂਰੀ ਏ। "ਸਾਂਝ ਕਰੀਜੈ ਗੁਣਾ ਕੇਰੀ"। ਹੋਰ ਅਸੀਂ ਕਿਸੇ ਧੜੇ ਜਾਂ ਦਲ ਦੇ ਆਗੂਆਂ ਤੋਂ ਕੱਕੜੀਆਂ ਲੈਣੀਆਂ ਨੇ ? ਗੁਰਮਤਿ-ਸਿਧਾਂਤ ਦੇ ਮਾਰਗ 'ਤੇ ਤੁਰਦਿਆਂ ਕੋਈ ਕਿਸੇ ਦਾ ਲਿਹਾਜ਼ ਕਰੇ, ਉਹ ਗੁਰੂ ਦਾ ਦੇਣਦਾਰ ਹੋਵੇਗਾ—ਨਰਕਾਂ ਦਾ ਭਾਗੀ, ਗੁਰੂ-ਸਿਧਾਂਤ ਦਾ ਕਾਤਲ। ਜਿਹੜਾ ਧੜੇ ਜਾਂ ਨਿੱਜੀ ਦਲਾਂ ਨੂੰ ਅੱਵਲ ਅਤੇ ਗੁਰਮਤਿ-ਮਾਰਗ ਨੂੰ ਦੋਇਮ ਸਮਝਦਾ ਏ ਉਹ ਗੁਰੂ ਕਾ ਸਿੱਖ ਤਾਂ ਨਾ ਹੋਇਆ, ਕਿਸੇ ਮੰਨੇ ਦਾ ਸਿੱਖ ਜ਼ਰੂਰ ਹੋ ਸਕਦਾ ਏ। ਇਸ ਲਈ ਆਉਂਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮੇਂ ਠਹਿਰੋ, ਸੋਚੋ ਅਤੇ ਮੁਹਰ ਲਾਓ ਕਿਸੇ ਲਾਇਕ ਇਨਸਾਨ, ਗੁਰਮੁਖ ਦੇ ਹੱਕ ਵਿੱਚ।

"ਤਖਤਿ ਬਹੈ ਤਖਤੈ ਕੀ ਲਾਇਕ ॥"

*****

## ਵਿਚਾਰੇ ਸ਼੍ਰੋਮਣੀ ਕਮੇਟੀ ਮੈਂਬਰ ਬਨਾਮ ਆਰ.ਐਸ.ਐਸ.

ਤਰਲੋਚਨ ਸਿੰਘ ਦੁਪਾਲਪੁਰ

ਗੱਲ ਉਦੋਂ ਦੀ ਹੈ ਜਦੋਂ ਮਾਣਯੋਗ ਕ੍ਰਿਪਾਲ ਸਿੰਘ ਬਡੂੰਗਰ ਵਾਇਆ 'ਲਿਫ਼ਾਫ਼ਾ' ਐਸ.ਜੀ.ਪੀ.ਸੀ. ਦੇ ਪ੍ਰਧਾਨ ਬਣ ਚੁੱਕੇ ਸਨ। ਜ਼ਿਲ੍ਹਾ ਹੁਸ਼ਿਆਰਪੁਰ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਇੱਕ ਕਾਲਜ ਵਿੱਚ ਲੈਕਚਰਾਰ ਦੀ ਖਾਲੀ ਹੋਈ ਅਸਾਮੀ ਉੱਤੇ 'ਆਪਣਾ ਬੰਦਾ' (ਜੋ ਰਹਿਤ ਬਹਿਤ 'ਚ ਪ੍ਰਪੱਕ ਅਤੇ ਯੋਗਤਾ ਵੀ ਪੂਰੀ ਕਰਦਾ ਸੀ) ਰਖਾਉਣ ਲਈ, ਹਲਕੇ ਦੇ ਦੋ ਸ਼੍ਰੋਮਣੀ ਕਮੇਟੀ ਮੈਂਬਰ (ਜਿਨ੍ਹਾਂ ਨੂੰ ਹਮੇਸ਼ਾਂ ਇਕੱਠੇ ਘੁੰਮਣ-ਫਿਰਨ ਕਰਕੇ ਆਮ ਤੌਰ ਤੇ 'ਹੰਸਾਂ ਦੀ ਜੋੜੀ' ਕਿਹਾ ਜਾਂਦਾ ਹੈ) ਬੜੇ ਚਾਅ ਅਤੇ ਉਮਾਹ ਨਾਲ ਸ੍ਰੀ ਬਡੂੰਗਰ ਨੂੰ ਮਿਲੇ। ਪ੍ਰਧਾਨ ਜੀ ਨੇ ਦੋਹਾਂ ਦੀ ਗੱਲ ਸੁਣ ਕੇ ਸੱਚ ਬੋਲਦਿਆਂ ਕਿਹਾ ਕਿ 'ਜਥੇਦਾਰੋ, ਤੁਹਾਡਾ ਬੰਦਾ ਨਹੀਂ ਰੱਖ ਹੋਣਾ ਕਿਉਂਕਿ ਕਿਸੇ ਹੋਰ ਮੈਂਬਰ ਨੇ, ਆਪਣੇ ਕਿਸੇ ਖ਼ਾਸ ਰਿਸ਼ਤੇਦਾਰ ਲਈ, ਮੈਨੂੰ 'ਪ੍ਰਧਾਨ ਸਾਹਿਬ' ਤੋਂ 'ਫੋਨ ਕਰਵਾ' ਦਿੱਤਾ ਹੈ।' ਸਿਫ਼ਾਰਸ਼ ਕਰਨ ਗਏ ਦੋਵੇਂ ਮੈਂਬਰ ਮਾਯੂਸ ਜਿਹੇ ਹੋ ਕੇ ਗੱਡੀ 'ਚ ਬੈਠ ਘਰ-ਵਾਪਸੀ ਸਫ਼ਰ 'ਤੇ ਪੈ ਗਏ। ਗਊ ਦੇ ਜਾਇਆਂ ਨੇ ਪ੍ਰਧਾਨ ਜੀ ਨੂੰ ਕੁਝ ਵੀ ਮਾੜਾ-ਚੰਗਾ ਨਹੀਂ ਬੋਲਿਆ (ਗੱਡੀ ਦੇ ਸ਼ੀਸ਼ੇ ਬੰਦ ਕਰ ਕੇ ਭਾਵੇਂ 'ਫੁਸ ਫੁਸ' ਕੀਤੀ ਹੋਊ !)।

ਖ਼ੈਰ! ਦੋ ਕੁ ਮਹੀਨਿਆਂ ਬਾਅਦ ਉਪਰੋਕਤ ਦੋਵੇਂ ਮੈਂਬਰ, ਕਾਲਜ ਦੀ ਮੈਨੇਜਿੰਗ ਕਮੇਟੀ ਦੇ ਮੈਂਬਰ ਹੋਣ ਨਾਤੇ ਉੱਥੇ ਹੋਣ ਵਾਲੀ ਸਬ-ਕਮੇਟੀ ਦੀ ਮੀਟਿੰਗ ਵਿੱਚ ਪਧਾਰੇ। ਉਨ੍ਹਾਂ ਮੀਟਿੰਗ 'ਚ ਬੈਠਿਆਂ ਕੁੱਝ 'ਹਿਰਖ ਨਾਲ' ਪ੍ਰਿੰਸੀਪਲ ਜੀ ਨੂੰ ਪੁੱਛਿਆ, "ਪ੍ਰਿੰਸੀਪਲ ਸਾਹਿਬ, ਨਵਾਂ ਪ੍ਰੋਫ਼ੈਸਰ ਕਿਹੜਾ ਰੱਖਿਆ ਹੈ, ਸਾਨੂੰ ਵੀ ਦਰਸ਼ਨ ਕਰਵਾ ਦਿਉ !"

ਪ੍ਰਿੰਸੀਪਲ ਨੇ ਕੁਝ ਸ਼ਸ਼ੋਪੰਜ ਜਿਹੀ 'ਚ ਪੈਂਦਿਆਂ ਕੋਲ ਬੈਠੇ ਇੱਕ 'ਕਲੀਨ ਸ਼ੇਵਨ' ਸੱਜਣ ਵੱਲ, ਉਸ ਦਾ ਗੈਰ ਸਿੱਖਾਂ ਵਾਲਾ ਨਾਂ ਲੈ ਕੇ, ਇਸ਼ਾਰਾ ਕੀਤਾ।

" .......... ਅ.. ਅ... ਆਹ ਬੈਠੇ ਨੇ ਜੀ, ਸ੍ਰੀ..... ਕੁਮਾਰ ਜੀ,.... ਬੜੇ ਚੰਗੇ ਨੇ ਜੀ....."

ਉਸ ਪ੍ਰੋਫ਼ੈਸਰ ਵੱਲ ਹੈਰਾਨੀ ਨਾਲ ਤੱਕਦਿਆਂ ਦੋਵੇਂ 'ਸ੍ਰੀਮਾਨ' ਸੋਚਣ ਲੱਗੇ ਕਿ ਕਿਸੇ ਸ਼੍ਰੋਮਣੀ ਕਮੇਟੀ ਮੈਂਬਰ ਦਾ 'ਘੋਨ ਮੋਨ' ਰਿਸ਼ਤੇਦਾਰ ਕਿਵੇਂ ਹੋ ਸਕਦਾ ਹੈ ? ਉਹ ਵੀ ਗ਼ੈਰ ਸਿੱਖ !

ਕੁਝ ਦਿਨਾਂ ਬਾਅਦ ਦੋਵੇਂ ਮੈਂਬਰਾਂ ਨੇ ਸ੍ਰੀ ਬਡੂੰਗਰ ਨੂੰ ਫਿਰ ਜਾ ਫ਼ਤਹਿ ਗਜਾਈ।

"ਪ੍ਰਧਾਨ ਜੀ, ਤੁਸੀਂ ਤਾਂ ਕਹਿੰਦੇ ਸੀ ਕਿ ਫਲਾਣੇ ਜਥੇਦਾਰ ਦਾ ਨਜ਼ਦੀਕੀ ਰਿਸ਼ਤੇਦਾਰ ਪ੍ਰੋਫ਼ੈਸਰ ਰੱਖਣਾ ਐਂ; ਉਹ ਜਿਹੜਾ ਬੰਦਾ ਤੁਸੀਂ ਰੱਖਿਆ ਹੈ, ਉਹ ਤਾਂ ਸਾਨੂੰ ਸਿੱਖ ਨਹੀਂ ਲੱਗਦਾ; ਇਹ ਕਿਵੇਂ ਹੋਇਆ, ਸਾਨੂੰ ਦੱਸੋ ਜ਼ਰਾ ?"

"ਗੱਲ ਐਦਾਂ ਹੋਈ ਸਿੰਘੋ", ਪ੍ਰਧਾਨ ਜੀ ਨੇ ਵਿਸ਼ੇਸ਼ ਬੋਲਣ ਸ਼ੈਲੀ (ਜਿਸ ਦੀ ਪੂਰੀ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ) 'ਚ ਜਵਾਬ ਦੇਣਾ ਸ਼ੁਰੂ ਕੀਤਾ:

"ਬੰਦਾ ਤੁਹਾਡਾ ਵੀ ਰੱਖਣ ਯੋਗ ਹੀ ਸੀ ਤੇ ਜਥੇਦਾਰ.......... ਸਿੰਘ ਦਾ ਰਿਸ਼ਤੇਦਾਰ ਵੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਅੰਮ੍ਰਿਤਧਾਰੀ ਗੁਰਸਿੱਖ ਸੀ, ਪਰ 'ਪ੍ਰਧਾਨ ਸਾਹਿਬ' ਨੂੰ ਅਡਵਾਨੀ ਜੀ ਦਾ ਫੋਨ ਆ ਗਿਆ ਇਸ ਮੁੰਡੇ ਨੂੰ ਰੱਖਣ ਲਈ, ਜਿਸ ਨੂੰ ਤੁਸੀਂ ਦੇਖ ਹੀ ਆਏ ਹੋ।"

ਦੋਵੇਂ ਮੈਂਬਰ ਇਹ ਸੋਚਦਿਆਂ ਘਰ ਨੂੰ ਮੁੜ ਆਏ ਹੋਣਗੇ ਕਿ

'ਪ੍ਰਧਾਨ ਜੀ' ਦੇ ਉੱਪਰ ਇੱਕ ਹੋਰ 'ਸੁਪਰ ਪ੍ਰਧਾਨ ਸਾਹਿਬ' ਹਨ, ਜਿਨ੍ਹਾਂ ਨੂੰ 'ਸਾਰੇ ਅਧਿਕਾਰ' ਹਰ ਮਸਲੇ 'ਤੇ 'ਥੋਕ ਵਿੱਚ' ਹੀ ਮਿਲ ਜਾਂਦੇ ਹਨ।

'ਚੁੱਪ ਨਾ ਰਹਿ ਸਕਾ ਹਜ਼ਰਤੇ ਯਜ਼ਦਾਂ ਮੇਂ ਭੀ ਇਕਬਾਲ
ਕਰਵਾਏ ਕੋਈ ਇਸ ਬੰਦਾ-ਏ-ਗੁਸਤਾਖ਼ ਕਾ ਮੂੰਹ ਬੰਦ।'

*****

## ਸਪੇਸ ਯੁੱਗ ਦਾ ਮਹਾਨ ਸਾਇੰਸਵੇਤਾ ਗੁਰੂ ਨਾਨਕ ਸਾਹਿਬ

ਸਰੂਪ ਸਿੰਘ ਨਾਰੰਗ ਯੂ.ਕੇ.

ਅੱਜ ਦੇ ਸਾਇੰਸੀ ਯੁੱਗ ਅੰਦਰ ਸਾਇੰਸ ਦੀਆਂ ਵਿਗਿਆਨਕ ਖੋਜਾਂ ਤੇ ਕਾਢਾਂ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਹੀਆਂ ਹਨ। ਇਸ ਦੀਆਂ ਨਿੱਤ ਨਵੀਆਂ ਤੇ ਸੱਜਰੀਆ ਕਾਢਾਂ ਨੇ ਸੰਸਾਰ ਵਿੱਚੋਂ ਵਿੱਥਾਂ ਤੇ ਦੂਰੀਆਂ ਮਿਟਾ ਦਿੱਤੀਆਂ ਹਨ। ਇਸ ਸਦੀ ਵਿੱਚ ਵਿਗਿਆਨੀਆਂ ਨੂੰ 30,000 ਦੀ ਗਿਣਤੀ ਵਾਲੀ ਮਨੁੱਖੀ 'ਜੀਨ' ਵਰਗੀਆਂ ਬੜੀਆਂ ਮਹੱਤਵਪੂਰਨ ਲੱਭਤਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਦਾ ਮਨੁੱਖ ਦੇ ਸਮਾਜਕ ਜੀਵਨ 'ਤੇ ਬਹੁਤ ਡੂੰਘਾ ਅਸਰ ਪਿਆ ਹੈ, ਪੈ ਰਿਹਾ ਹੈ ਅਤੇ ਪਏਗਾ। ਪੁਲਾੜ ਵਿੱਚ ਮਨੁੱਖੀ ਯੰਤਰਾਂ ਦੀ ਲੈਬੌਰਟਰੀ (ਪ੍ਰਯੋਗਸ਼ਾਲਾ) ਮਿੰਟ-ਮਿੰਟ ਦੀ ਜਾਣਕਾਰੀ ਦੇ ਰਹੀ ਹੈ। ਲਗਭਗ 31 ਕਰੋੜ ਕਿਲੋਮੀਟਰ ਦੀ ਦੂਰੀ 'ਤੇ ਪੁਲਾੜ ਵਿਚਲੇ ਗ੍ਰਹਿ 'ਤੇ ਮਨੁੱਖੀ ਯੰਤਰ ਨੇ ਉਤਾਰਾ ਕੀਤਾ ਹੈ। ਗਿਆਨ-ਵਿਗਿਆਨ ਤੇ ਕਿਰਤ ਦਾ ਇਹ ਅਚੰਭਾ ਨਹੀਂ ਤਾਂ ਹੋਰ ਕੀ ਹੈ? ਪੱਛਮੀ ਦੇਸ਼ਾਂ ਵਿੱਚ ਸਾਇੰਸ ਤੇ ਤਕਨੀਕੀ ਗਿਆਨ ਦਾ ਵਿਕਾਸ ਉੱਚੀਆਂ ਸਿਖ਼ਰਾਂ ਛੂਹ ਰਿਹਾ ਹੈ। ਅੱਜ ਦੇ ਮਸ਼ੀਨੀ ਯੁੱਗ ਨੇ ਮਨੁੱਖ ਦੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਪੈਦਾਵਾਰ ਦੇ ਖ਼ੇਤਰ ਵਿੱਚ ਇਨਕਲਾਬੀ ਵਾਧਾ ਕੀਤਾ ਹੈ। ਇੱਥੇ ਇਹ ਗੱਲ ਚੇਤੇ ਰੱਖਣੀ ਹੈ ਕਿ ਸਾਇੰਸਦਾਨਾਂ ਦਾ ਖੇਤਰ ਇਸ ਬ੍ਰਹਿਮੰਡ ਦੀਆਂ ਵਸਤੂਆਂ ਹਨ ਅਤੇ ਰੂਹਾਨੀ ਪੱਖੋਂ ਇਹ ਬਿਲਕੁਲ ਕੋਰੇ ਹਨ।

ਅੱਜ ਦੇ ਸਾਇੰਸਦਾਨਾਂ ਦੀਆਂ ਖੋਜ ਭਰੀਆਂ ਪ੍ਰਾਪਤੀਆਂ ਤੋਂ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਆਪਣੀ ਪਾਰਦਰਸ਼ੀ ਦੂਰਦ੍ਰਿਸ਼ਟੀ ਦੇ ਅਨੁਭਵ ਰਾਹੀਂ (ਅਜੋਕੀਆਂ ਦੂਰਬੀਨਾਂ ਆਦਿਕ ਯੰਤਰਾਂ ਤੋਂ ਬਿਨਾਂ) ਕਾਦਰ ਦੀ ਕੁਦਰਤ ਦਾ ਜਿਹੜਾ ਬਹੁਪੱਖੀ ਗਿਆਨ ਤੇ ਵਿਗਿਆਨ ਪ੍ਰਗਟਾਇਆ, ਉਸ ਦੀਆਂ ਅਟੱਲ ਸੱਚਾਈਆਂ ਦਾ ਭੰਡਾਰ ਭੋਰਾ-ਭੋਰਾ ਅੱਜ ਦੇ ਵਿਗਿਆਨੀਆਂ ਨੂੰ ਦਿੱਸਣਾ ਸ਼ੁਰੂ ਹੋਇਆ ਹੈ। ਬਾਬੇ ਨਾਨਕ ਦੀਆਂ ਦਰਸਾਈਆ ਕੁਦਰਤ ਦੀਆਂ ਵਿਗਿਆਨਕ ਤੇ ਭੂਗੋਲਕ ਸੱਚਾਈਆਂ ਨਾ ਕੇਵਲ ਅੱਜ ਦੀਆਂ ਖੋਜਾਂ ਦੀ ਵਿਗਿਆਨਕ ਕਸਵੱਟੀ 'ਤੇ ਪੂਰੀਆਂ ਉੱਤਰਦੀਆਂ ਹਨ, ਸਗੋਂ ਬ੍ਰਹਿਮੰਡ ਦੀ ਨਿਯਮਾਵਲੀ ਦਾ ਹਿੱਸਾ ਹੋਣ ਕਰਕੇ ਉਹ ਵਿਸ਼ਾਲ ਅਨੁਭਵ, ਸੂਖਮ ਨੀਝ ਅਤੇ ਸਦੀਵਤਾ ਦੀਆਂ ਲਖਾਇਕ ਵੀ ਹਨ। ਬਾਬੇ ਨਾਨਕ ਦੀ ਧੁਰੋਂ ਪ੍ਰਾਪਤ ਪਰਾਲੌਕਿਕ ਦ੍ਰਿਸ਼ਟੀ ਤੇ ਸਦੀਵਤਾ ਦੀ ਰੂਹਾਨੀ ਅੱਖ ਜੋ ਕੁਝ ਤੱਕ ਸਕੀ ਹੈ, ਉੱਥੋਂ ਤੱਕ ਵਿਗਿਆਨੀਆਂ ਤੇ ਬੁੱਧੀਜੀਵੀਆਂ ਦੇ ਸੀਮਤ ਦਿਮਾਗ਼ ਦਾ ਅੱਪੜ ਸਕਣਾ ਅਸੰਭਵ ਹੈ।

ਇਸ ਲੇਖ ਵਿੱਚ ਗੁਰੂ ਨਾਨਕ ਸਾਹਿਬ ਨੇ ਜੋ ਭੌਤਿਕ ਵਿਗਿਆਨ (Physics), ਰਸਾਇਣ ਵਿਗਿਆਨ (Chemistry), ਬਨਸਪਤੀ ਵਿਗਿਆਨ (Botany), ਸਰੀਰਕ ਵਿਗਿਆਨ (Physiology), ਗ੍ਰਹਿ ਵਿਗਿਆਨ (Astronomy), ਭੂਗੋਲ ਵਿਗਿਆਨ (Geography) ਅਤੇ ਸਾਗਰ ਵਿਗਿਆਨ (Oceangraphy) ਸਬੰਧੀ ਯਥਾਰਥਕ ਤੱਥ ਸੰਸਾਰ ਸਾਹਮਣੇ ਰੱਖੇ ਹਨ, ਭਾਵੇਂ ਇਹ ਇੱਕ ਵੱਡ-ਆਕਾਰੀ ਪੁਸਤਕ ਦਾ ਵਿਸ਼ਾ ਹੈ, ਇੱਥੇ ਇਹਨਾਂ 'ਤੇ ਇੱਕ ਸੰਖੇਪ ਝਾਤ ਮਾਰਨ ਦੀ ਕੋਸ਼ਿਸ਼ ਕੀਤੀ ਹੈ।

ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਉਹ ਵਿਗਿਆਨਕ ਤੱਥ ਮੌਜੂਦ ਹਨ ਜਿਨ੍ਹਾਂ ਵਿੱਚੋਂ ਕੁਝ ਵਿਗਿਆਨੀਆਂ ਨੇ ਹੁਣ ਤੱਕ ਲੱਭੇ ਹਨ, ਲੱਭ ਰਹੇ ਹਨ ਅਤੇ ਲੱਭਦੇ ਰਹਿਣਗੇ। ਜੇ ਅਸੀਂ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚ ਦਰਸਾਏ ਵਿਗਿਆਨਕ ਤੱਥਾਂ ਨੂੰ ਪੰਦਰਵੀਂ ਸਦੀ ਦੇ ਪਰਿਪੇਖ ਵਿੱਚ ਰੱਖ ਕੇ ਵੇਖੀਏ ਤਾਂ ਗੁਰੂ ਨਾਨਕ ਸਾਹਿਬ ਸੰਸਾਰ ਦੇ ਪਹਿਲੇ ਮਹਾਨ ਵਿਗਿਆਨੀ ਸਾਬਤ ਹੋਣਗੇ। ਸਿੱਖ ਕੌਮ ਦੀ ਤਰਾਸਦੀ ਦਾ ਧਿਆਨ ਮੰਗਦਾ ਇਹ ਇੱਕ ਵੱਖਰਾ ਵਿਸ਼ਾ ਹੈ ਕਿ ਸਿੱਖ ਧਰਮ ਦੇ ਅਨਪੜ੍ਹ ਤੇ ਜਾਹਲ ਪ੍ਰਚਾਰਕਾਂ ਨੇ ਉਹਨਾਂ ਬ੍ਰਹਮੰਡਵਾਦੀ ਸਿਧਾਂਤਕ ਤੱਥਾਂ ਦੇ ਨੂਰਾਨੀ ਚਾਨਣ ਨੂੰ ਗਰਮ ਤੇ ਠੰਢੇ ਰੁਮਾਲਿਆਂ ਦੀਆਂ ਤੈਹਾਂ ਥੱਲੇ ਢੱਕ ਕੇ ਰੱਖਿਆ ਹੈ ਤਾਂ ਜੁ ਸੰਸਾਰ ਦਾ ਕੋਈ ਹੋਰ ਮਨੁੱਖ ਤੱਕ ਹੀ ਨਾ ਸਕੇ।

ਗੁਰੂ ਨਾਨਕ ਸਾਹਿਬ ਦੇ ਸਮੇਂ ਤੱਕ ਇਹ ਵਿਸ਼ਵਾਸ ਪ੍ਰਚੱਲਤ ਸੀ ਕਿ ਧਰਤੀ ਬਲਦ ਦੇ ਸਿੰਗ 'ਤੇ ਖੜ੍ਹੀ ਹੈ। ਉਦੋਂ ਤੱਕ ਕਿਸੇ ਵੀ ਸਾਇੰਸਦਾਨ ਨੇ ਇਹ ਸਾਬਤ ਨਹੀਂ ਸੀ ਕੀਤਾ ਕਿ ਸਾਡੀ ਧਰਤੀ ਤੋਂ ਬਿਨਾਂ ਕੋਈ ਹੋਰ ਧਰਤੀ ਵੀ ਹੈ। ਬਾਬੇ ਨਾਨਕ ਨੇ ਵਕਤ ਦੇ ਵਿਚਾਰਵਾਨਾਂ ਨੂੰ ਵੰਗਾਰ ਪਾ ਕੇ ਪੁੱਛਿਆ ਕਿ ਜੇ ਸਾਡੀ ਧਰਤੀ ਬਲਦ ਦੇ ਸਿੰਗ 'ਤੇ ਖੜ੍ਹੀ ਹੈ ਤਾਂ ਧਰਤੀਆਂ ਹੋਰ ਵੀ ਬੇਹੱਦ ਹਨ, ਉਹ ਕਿਸ ਆਸਰੇ ਖੜ੍ਹੀਆਂ ਹਨ?

ਜੇ ਕੋ ਬੁਝੈ, ਹੋਵੈ ਸਚਿਆਰੁ॥ ਧਵਲੈ ਉਪਰਿ, ਕੇਤਾ ਭਾਰੁ॥।
ਧਰਤੀ ਹੋਰੁ, ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ, ਕਵਣੁ ਜੋਰੁ॥
(ਜਪੁ ਜੀ, ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਸਾਹਿਬ ਨੇ ਦਰਸਾਇਆ ਕਿ ਇਸ ਬ੍ਰਹਿਮੰਡ ਦਾ ਸਾਰਾ ਪਸਾਰਾ ਨਿਯਮਬੱਧ ਹੈ; ਇਸ ਦੀ ਹਰ ਸ਼ੈ ਅਕਾਲ ਪੁਰਖ ਦੇ ਇੱਕ ਖਾਸ ਹੁਕਮ ਵਿੱਚ ਵਿਚਰ ਰਹੀ ਹੈ; ਇੱਕ ਖਾਸ ਕਾਨੂੰਨ ਵਿੱਚ ਬੱਝੀ ਹੈ; ਉਸ ਦੇ ਭੈ ਵਿੱਚ ਹੈ; ਬ੍ਰਹਿਮੰਡ ਦੀਆਂ ਧਰਤੀਆਂ, ਸੂਰਜਾਂ ਅਤੇ ਅਸਮਾਨਾਂ ਨੂੰ ਕਿਸੇ ਆਸਰੇ ਦੀ ਲੋੜ ਨਹੀਂ, ਸਗੋਂ ਉਹ ਤਾਂ

ਆਪੋ-ਆਪਣੇ ਧਰਤ-ਖਿੱਚ, ਸੂਰਜ-ਖਿੱਚ, ਚੰਦਰਮਾ-ਖਿੱਚ ਦੇ ਅਸੂਲਾਂ ਨਾਲ ਬੱਝੇ ਹੋਏ ਹਨ।

ਸਾਇੰਸਦਾਨਾਂ ਦੀ ਅਜੋਕੀ ਖੋਜ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਸੰਸਾਰ ਸਾਹਮਣੇ ਪਹਿਲੀ ਵਾਰ ਅਨੇਕਾਂ ਅਕਾਸ਼ਾਂ, ਅਨੇਕਾਂ ਪਤਾਲਾਂ, ਅਨੇਕਾਂ ਮੰਡਲਾਂ, ਅਨੇਕਾਂ ਪੁਰੀਆਂ, ਅਨੇਕਾਂ ਧਰਤੀਆਂ, ਅਨੇਕਾਂ ਸੂਰਜਾਂ, ਅਨੇਕਾਂ ਚੰਦਾਂ, ਅਨੇਕਾਂ ਦੇਸ਼ਾਂ ਦਾ ਵਰਣਨ ਕੀਤਾ ਹੈ, ਜੋ ਅੱਜ ਦੇ ਸਾਇੰਸਦਾਨ ਹੁਣ ਹੌਲੀ-ਹੌਲੀ ਵੇਖ ਰਹੇ ਹਨ:-

(1) ਧਰਤੀ ਹੋਰੁ ਪਰੈ ਹੋਰੁ ਹੋਰੁ … … (ਜਪੁਜੀ, ਗੁਰੂ ਗਰੰਥ ਸਾਹਿਬ)

2) ਕੇਤੇ ਇੰਦ, ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ॥ (ਜਪੁ ਜੀ, ਗੁਰੂ ਗ੍ਰੰਥ ਸਾਹਿਬ)

3) ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (ਜਪੁ ਜੀ, ਗੁਰੂ ਗ੍ਰੰਥ ਸਾਹਿਬ)

4) ਅਨਿਕ ਅਕਾਸ ਅਨਿਕ ਪਾਤਾਲ॥

5) ਅਨਿਕ ਪੁਰੀਆਂ ਅਨਿਕ ਤਹ ਖੰਡ (ਪੰ. 1236, ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਸਾਹਿਬ ਦੇ ਦਰਸਾਏ ਅਜਿਹੇ ਵਿਗਿਆਨਕ ਤੱਥ ਹੁਣ ਤੱਕ ਕੇਵਲ ਸਾਡੇ ਧਾਰਮਕ ਵਿਸ਼ਵਾਸ ਦਾ ਹਿੱਸਾ ਹੀ ਬਣੇ ਰਹੇ ਹਨ ਪਰੰਤੂ ਅਜੋਕੇ ਖਗੋਲਵੇਤਾਵਾਂ ਨੇ ਆਧੁਨਿਕ ਸਾਧਨਾਂ ਦੀ ਸਹਾਇਤਾ ਨਾਲ ਲੱਖਾਂ ਵਿੱਚ ਗਲੈਕਸੀਜ਼ (galaxies) ਜਾਂ ਨੇਬੂਲਾਇ (nebulae) ਵੇਖੇ ਹਨ। ਹਰ ਇੱਕ ਨੈਬੂਲਾ ਟਾਪੂ ਇੰਨਾਂ ਮਸਾਲਾ ਸਾਂਭੀ ਬੈਠਾ ਹੈ ਕਿ ਉਹਦੇ ਕਰੋੜਾਂ ਹੀ ਸੂਰਜ ਜਿੱਡੇ ਨਵੇਂ ਸਤਾਰੇ ਬਣ ਸਕਦੇ ਹਨ; ਹਰ ਇੱਕ ਗਲੈਕਸੀ ਵਿੱਚ ਉਹਦੇ ਆਪਣੇ ਕਿਤਨੇ ਹੀ ਸੂਰਜ, ਤਾਰੇ ਤੇ ਧਰਤੀਆਂ ਹਨ। ਜਿਉਂ-ਜਿਉਂ ਨਵੀਆਂ ਗਲੈਕਸੀਆਂ ਸਾਹਮਣੇ ਆਉਂਦੀਆਂ ਹਨ, ਤਿਉਂ-ਤਿਉਂ ਉਹਨਾਂ ਪਿੱਛੇ ਹੋਰ ਨਵੀਆਂ ਗਲੈਕਸੀਆਂ ਨਜ਼ਰ ਆਉਣ ਲੱਗ ਜਾਂਦੀਆਂ ਹਨ। ਅੱਜ ਦੇ ਸਾਇੰਸਦਾਨ ਕੁਦਰਤ ਦੀ ਅਨੇਕਤਾ ਅੱਗੇ ਹੱਥ ਖੜ੍ਹੇ ਕਰਨ ਵੱਲ ਵਧ ਰਹੇ ਹਨ। ਇਹਨਾਂ ਸਾਇੰਸਦਾਨਾਂ ਨੂੰ ਬਾਬੇ ਨਾਨਕ ਦੀ ਦਰਸਾਈ ਸੱਚਾਈ 'ਕਰਤੇ ਕੈ ਕਰਣੈ ਨਾਹੀ ਸੁਮਾਰੁ' ਦਾ ਧਾਰਨੀ ਬਣਨਾ ਪੈਣਾ ਹੈ।

ਗੁਰੂ ਨਾਨਕ ਸਾਹਿਬ ਸੰਸਾਰ ਦੇ ਪਹਿਲੇ ਸਾਇੰਸਦਾਨ ਹਨ, ਜਿਨ੍ਹਾਂ ਨੇ ਪਹਿਲੀ ਵਾਰ ਦਰਸਾਇਆ ਕਿ ਚੰਦ, ਤਾਰੇ, ਸੂਰਜ ਸਭ ਹਰਕਤ ਵਿੱਚ ਹਨ ਪਰ ਆਪੋ ਧਾਪੀ ਵਿੱਚ ਨਹੀਂ, ਸਗੋਂ ਅਕਾਲ ਪੁਰਖ ਦੇ ਹੁਕਮ ਮੁਤਾਬਕ ਇੱਕ ਖ਼ਾਸ ਅਤੇ ਕਰੜੇ ਜ਼ਾਬਤੇ ਵਿੱਚ ਚੱਲ ਰਹੇ ਹਨ। ਸਾਡੀ ਧਰਤੀ ਸਾਡੇ ਸੂਰਜ ਦੁਆਲੇ ਇੱਕ ਸਾਲ ਵਿੱਚ ਆਪਣਾ ਚੱਕਰ ਪੂਰਾ ਕਰਦੀ ਹੈ। ਇਵੇਂ ਹੀ ਚੰਨ ਧਰਤੀ ਦੁਆਲੇ ਤਕਰੀਬਨ ਇੱਕ ਮਹੀਨੇ ਵਿੱਚ ਆਪਣਾ ਚੱਕਰ ਪੂਰਾ ਕਰਦਾ ਹੈ ਅਤੇ ਸੂਰਜ ਆਪਣੇ ਧੁਰੇ ਦੁਆਲੇ ਘੁੰਮਦਾ ਹੈ। ਵਿਗਿਆਨੀਆਂ ਦੇ ਇੱਕ ਅੰਦਾਜ਼ੇ ਅਨੁਸਾਰ ਧਰਤੀ ਇੱਕ ਅਰਬ ਤੋਂ ਵੱਧ ਸਾਲ ਪਹਿਲਾਂ ਹੋਂਦ ਵਿੱਚ ਆਈ। ਇਤਨੇ ਲੰਮੇ ਸਮੇਂ ਵਿੱਚ ਹੁਣ ਤੱਕ ਇਹ ਕਿਤਨੇ ਹਜ਼ਾਰ ਕਰੋੜ ਕੋਹ ਚੱਲ ਚੁੱਕੇ ਹੋਣੇ ਹਨ, ਕਿਤਨੇ ਹੋਰ ਇਹਨਾਂ ਚੱਲਣਾ ਹੈ, ਮਨੁੱਖੀ ਦਿਮਾਗ਼ ਲਈ ਉਸ ਦਾ ਅੰਦਾਜ਼ਾ ਲਗਾ ਸਕਣਾ ਅਸੰਭਵ ਹੈ। ਇਹ ਗਿਣਤੀਆਂ-ਮਿਣਤੀਆਂ ਤੋਂ ਬਾਹਰ ਹੋਣ ਕਰਕੇ ਬਾਬੇ ਨਾਨਕ ਨੇ 'ਚਲਤ ਨ ਅੰਤੁ' ਸ਼ਬਦ ਹੀ ਵਰਤੇ ਹਨ ਅਤੇ ਫ਼ੈਸਲਾ ਦਿੱਤਾ ਹੈ ਕਿ ਇਸ ਦਾ ਅੰਤ ਕੇਵਲ ਇਹਨਾਂ ਦਾ ਰਚਨਹਾਰ ਹੀ ਪਾ ਸਕਦਾ ਹੈ:-

1) ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥

(ਪੰ. 464 ਗੁਰੂ ਗ੍ਰੰਥ ਸਾਹਿਬ)

2) ਭੈ ਵਿਚਿ ਆਡਾਣੇ ਆਕਾਸ॥ (ਪੰ. 464 ਗੁਰੂ ਗ੍ਰੰਥ ਸਾਹਿਬ)

3) ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥

(ਜਪੁ ਜੀ, ਗੁਰੂ ਗ੍ਰੰਥ ਸਾਹਿਬ)

ਆਪ ਜੀ ਨੇ ਫਰਮਾਇਆ ਕਿ ਸਿਵਾਏ ਇੱਕ ਅਕਾਲ ਪੁਰਖ ਕਰਤੇ ਦੇ, ਇਸ ਬ੍ਰਹਿਮੰਡ ਦੀ ਕੋਈ ਵੀ ਹੋਰ ਚੀਜ਼ ਸਥਿਰ ਨਹੀਂ; ਹਰ ਇੱਕ ਚੀਜ਼ ਹਰਕਤ ਵਿੱਚ ਹੈ ਅਤੇ ਹਰ ਇੱਕ ਚੀਜ਼ ਵਿਕਾਸ ਵੱਲ ਵਧ ਰਹੀ ਹੈ:

ਮੁਕਾਮ ਤਿਸ ਨੋ ਆਖੀਐ ਜਿਸ ਸਿਰਿ ਨ ਹੋਵੀ ਲੇਖੁ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥
ਦਿਨ ਰਵਿ ਚਲੈ, ਨਿਸਿ ਸਸਿ ਚਲੈ, ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬਗੋਇ॥

(ਪੰ. 64, ਗੁਰੂ ਗਰੰਥ ਸਾਹਿਬ)

ਬਾਬੇ ਨਾਨਕ ਨੇ ਬ੍ਰਹਿਮੰਡ ਦੇ ਲੱਖਾਂ ਚੰਦਾਂ-ਤਾਰਿਆਂ ਦੇ ਦੋ ਹੋਰ ਰਾਜ਼ ਪਹਿਲੀ ਵਾਰ ਖੋਲ੍ਹੇ। ਇੱਕ ਇਹ ਕਿ ਅਕਾਲ ਪੁਰਖ ਨੇ ਇਹਨਾਂ ਸਭਨਾਂ ਵਿੱਚ ਇੱਕੋ ਵਾਰ ਅਖੁੱਟ ਸਦੀਵੀ ਸ਼ਕਤੀ ਭਰ ਦਿੱਤੀ ਹੋਈ ਹੈ, ਇਹਨਾਂ ਸਭਨਾਂ ਨੇ ਆਪੋ-ਆਪਣਾ ਨਿਸਚਿਤ ਫ਼ਰਜ਼ ਨਿਭਾਉਣਾ ਹੈ। ਗ੍ਰਹਿਆਂ ਦੀ ਉਤਪਤੀ ਤੇ ਵਿਕਾਸ ਇੱਕ ਨਿਸਚਿਤ ਅਮਲ ਵਿੱਚ ਹੋ ਰਿਹਾ ਹੈ ਅਤੇ ਇਹ ਸਾਰਾ ਅਮਲ ਇੱਕ ਖਾਸ ਚੇਤੰਨ ਸ਼ਕਤੀ ਦੀ ਕਿਰਤ ਹੈ। ਅਰਬਾਂ-ਖਰਬਾਂ ਕੋਹ ਚੱਲ ਕੇ ਵੀ ਇਹ ਜਿਉਂ ਦੇ ਤਿਉਂ ਚੱਲ ਰਹੇ ਹਨ ਅਤੇ ਉਤਨਾ ਚਿਰ ਚੱਲਦੇ ਰਹਿਣਗੇ, ਜਿਤਨੀ ਦੇਰ ਤੱਕ ਅਕਾਲ ਪੁਰਖ ਦਾ ਚੱਲਦੇ ਰਹਿਣ ਦਾ ਹੁਕਮ ਹੈ। ਅਕਾਲ ਪੁਰਖ ਨੇ ਇਹਨਾਂ ਗ੍ਰਹਿਆਂ ਵਿੱਚ ਅਮੁੱਕ ਸ਼ਕਤੀ ਇੱਕੋ ਵਾਰ ਭਰ ਦਿੱਤੀ ਹੈ ਅਤੇ ਉਹਨਾਂ ਵਿੱਚ ਬਾਰ-ਬਾਰ ਸ਼ਕਤੀ ਭਰਨ ਦੀ ਲੋੜ ਰਹਿਣ ਹੀ ਨਹੀਂ ਦਿੱਤੀ। ਦੂਜਾ ਇਹ ਕਿ ਉਹ ਸ਼ਕਤੀ ਨਾ ਵਧਦੀ ਹੈ ਅਤੇ ਨਾ ਹੀ ਘਟਦੀ ਹੈ। ਗੁਰੂ ਨਾਨਕ ਸਾਹਿਬ ਦੇ ਇਹ ਸਿਧਾਂਤ ਵਿਗਿਆਨਕ ਸੱਚਾਈਆਂ 'ਤੇ ਆਧਾਰਤ ਹਨ। ਅਕਾਲ ਪੁਰਖ ਨੇ ਜੋ ਸਮਗਰੀ ਪਾਉਣੀ ਸੀ, ਇੱਕ ਵਾਰ ਹੀ ਪਾ ਦਿੱਤੀ ਹੋਈ ਹੈ; ਸਮੇਂ-ਸਮੇਂ ਰੂਪ-ਰੰਗ, ਡੀਲ-ਡੌਲ, ਆਕਾਰ-ਬਨਾਵਟ ਬਦਲ ਸਕਦੇ ਹਨ ਪਰ ਮੂਲ ਤੱਤ ਵਿੱਚ ਕੋਈ ਵਾਧਾ- ਘਾਟਾ ਨਹੀਂ ਹੋ ਸਕਦਾ ਭਾਵ ਬੁਨਿਆਦੀ ਅਸਲਾ (Basic element) ਨਾਸ਼ ਨਹੀਂ ਹੁੰਦਾ :-

1) ਜੋ ਕਿਛੁ ਪਾਇਆ, ਸੁ ਏਕਾ ਵਾਰ॥

(ਜਪੁ ਜੀ, ਗੁਰੂ ਗ੍ਰੰਥ ਸਾਹਿਬ)

2) ਕੀਤਾ ਪਸਾਉ, ਏਕੋ ਕਵਾਉ॥

(ਜਪੁ ਜੀ, ਗੁਰੂ ਗ੍ਰੰਥ ਸਾਹਿਬ)

3) ਵਡਾ ਨ ਹੋਵੈ ਘਾਟਿ ਨ ਜਾਇ॥ (ਆਸਾ ਮ: ੧, ਪੰਨਾ 9)

ਬ੍ਰਹਿਮੰਡ ਦੀ ਸਮੁੱਚੀ ਸਾਇੰਸ ਨੂੰ ਵਿਗਿਆਨੀ ਬਾਬੇ ਨਾਨਕ ਵੱਲੋਂ ਦੋ (ਤਰੈ-ਅੱਖਰੀ ) ਸ਼ਬਦਾਂ - 'ਸੰਜੋਗੁ', 'ਵਿਜੋਗੁ' ਵਿੱਚ ਬੰਦ ਕਰ ਦੇਣ ਦੀ ਮੁਹਾਰਤ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹਨਾਂ ਕੋਲ ਬ੍ਰਹਿਮੰਡ ਸਬੰਧੀ ਕਿਤਨੀ ਦਿਬ-ਦ੍ਰਿਸ਼ਟੀ ਸੀ। ਉਹਨਾਂ ਦੀ ਮਹਾਨਤਾ ਕੇਵਲ ਇਸ ਗੱਲ ਵਿੱਚ ਨਹੀਂ ਕਿ ਉਹਨਾਂ ਨੇ ਕੁਦਰਤ ਦੀਆਂ ਮਹਾਨ ਵਿਗਿਆਨਕ ਸੱਚਾਈਆਂ ਸੰਸਾਰ ਸਾਹਮਣੇ ਰੱਖੀਆਂ, ਸਗੋਂ ਉਹਨਾਂ ਨੇ ਇਹਨਾਂ ਦੋਹਾਂ ਸ਼ਬਦਾਂ ਨਾਲ ਹੀ ਸਮੁੱਚੇ ਬ੍ਰਹਿਮੰਡ ਦੇ ਅਮਲ ਦਾ ਤੱਤ ਪੇਸ਼ ਕਰ ਵਿਖਾਇਆ ਕਿ ਇਸ ਸਾਰੇ ਬ੍ਰਹਿਮੰਡ ਵਿੱਚ 'ਜੋੜ-ਤੋੜ' ਦੇ ਅਸੂਲ ਨਾਲ ਹੀ ਹਰ ਚੀਜ਼ ਪੈਦਾ ਹੋ ਰਹੀ ਹੈ ਅਤੇ ਨਾਸ਼ ਹੋ ਰਹੀ ਹੈ:-

ਸੰਜੋਗ ਵਿਜੋਗੁ ਦੁਇ ਕਾਰ ਚਲਾਵਹਿ....॥

(ਜਪੁ ਜੀ, ਗੁਰੂ ਗ੍ਰੰਥ ਸਾਹਿਬ)

ਆਪ ਜੀ ਨੇ ਕੁਦਰਤ ਦੇ ਇਸ ਕਮਾਲ ਦੇ ਰਾਜ਼ ਨੂੰ ਖੋਲ੍ਹਦਿਆਂ ਦੱਸਿਆ ਕਿ ਇਸ "ਸੰਜੋਗ ਵਿਜੋਗ" ਅਥਵਾ ਭੰਨਣ-ਘੜਣ ਦੇ ਬੁਨਿਆਦੀ ਅਸੂਲ ਨਾਲ ਹੀ ਇਹ ਸਾਰਾ ਬ੍ਰਹਿਮੰਡ ਕਾਇਮ ਹੈ ਅਤੇ ਇਸ ਦਾ ਸੰਤੁਲਨ ਕਾਇਮ ਹੈ; ਬ੍ਰਹਿਮੰਡ ਦੇ ਜ਼ੱਰੇ-ਜ਼ੱਰੇ ਵਿੱਚ ਹਰ ਜੀਵ-ਜੰਤੂ ਅੰਦਰ, ਹਰ ਕੀੜੇ-ਕਿਰਮ ਅੰਦਰ, ਹਰ ਪੱਤੇ-ਪੱਤੇ ਅੰਦਰ ਹਰ ਤਰ੍ਹਾਂ ਦੇ ਭੰਨਣ-ਘੜਨ ਦੀ ਤਬਦੀਲੀ ਪਲ਼-ਪਲ਼ ਹੋ ਰਹੀ ਹੈ। ਇਸ ਦੁਵੱਲੇ ਅਮਲ ਰਾਹੀਂ ਇੱਕ ਭੰਨੀਂਦਾ ਹੈ, ਨਾਲ ਹੀ ਦੂਜਾ ਘੜੀਂਦਾ ਹੈ; ਇੱਕ ਮਰਦਾ ਹੈ, ਨਾਲ ਹੀ ਦੂਜਾ ਜੰਮਦਾ ਹੈ। ਅਕਾਲ ਪੁਰਖ ਦੇ ਹੁਕਮ ਅਨੁਸਾਰ ਭੰਨਣ-ਘੜਨ ਦੇ ਸਿਧਾਂਤ ਨਾਲ ਇਸ ਬ੍ਰਹਿਮੰਡ ਦਾ ਸਦੀਵੀ ਸੰਤੁਲਨ ਕਾਇਮ ਰਹਿੰਦਾ ਹੈ। ਇਸ ਸੰਤੁਲਨ ਨਾਲ ਹੀ ਹਰ ਚੀਜ਼ ਦੀ ਹੋਂਦ ਕਾਇਮ ਹੈ। ਹਰ ਜਾਨਦਾਰ (Animate) ਅਤੇ ਬੇਜਾਨ (inanimate) ਸ਼ੈ ਦੋ ਵਿਰੋਧੀ ਤੱਤਾਂ ਦੇ ਇੱਕ ਖ਼ਾਸ ਸੰਤੁਲਨ ਨਾਲ ਹੋਂਦ ਵਿੱਚ ਆਉਂਦੀ ਹੈ ਅਤੇ ਉਸ ਸੰਤੁਲਨ ਦੇ ਟੁੱਟ ਜਾਣ ਨਾਲ ਉਸ ਦੀ ਹੋਂਦ ਵੀ ਖ਼ਤਮ ਹੋ ਜਾਂਦੀ ਹੈ।

ਇਹੋ ਸੰਤੁਲਨ ਹੀ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੇ ਸਾਰੇ ਸਿਧਾਂਤਾਂ ਦਾ ਧੁਰਾ ਹੈ। ਮੀਰੀ ਤੇ ਪੀਰੀ ਦਾ ਸੰਤੁਲਨ, ਸੰਤ ਤੇ ਸਿਪਾਹੀ ਦਾ ਸੰਤੁਲਨ ਅਤੇ ਸੰਸਾਰਕਤਾ ਤੇ ਅਧਿਆਤਮਕਤਾ ਦਾ ਸੰਤੁਲਨ ਆਦਿਕ ਸਾਰੇ ਗੁਰਮਤਿ-ਸਿਧਾਂਤ ਕੁਦਰਤ ਦੀ ਇਸੇ ਨਿਯਮਾਵਲੀ ਦੇ ਸਿਧਾਂਤ 'ਤੇ ਹੀ ਆਧਾਰਤ ਹਨ। ਕੁਦਰਤ ਦੀ ਹਰ ਸ਼ੈ ਦੀ ਹੋਂਦ ਦੋ ਵਿਰੋਧੀ ਤੱਤਾਂ ਦੇ ਇੱਕ ਖ਼ਾਸ ਸੰਤੁਲਨ ਨਾਲ ਹੀ ਕਾਇਮ ਰਹਿੰਦੀ ਹੈ। ਇਸ ਨੁਕਤੇ ਨੂੰ ਸਮਝ ਲੈਣਾ ਹੀ ਸਿੱਖੀ ਨੂੰ ਸਮਝ ਲੈਣ ਬਰਾਬਰ ਹੈ।

ਅੱਜ ਤੋਂ ਕੁਝ ਸਮਾਂ ਪਹਿਲਾਂ ਸਾਇੰਸਦਾਨਾਂ ਨੂੰ ਆਪਣਿਆਂ ਅੰਕੜਿਆਂ ਦੁਆਰਾ ਬ੍ਰਹਿਮੰਡ ਦੇ ਸਭ ਗ੍ਰਹਿਆਂ ਦੀ ਗਰਮੀ ਹੌਲੀ-ਹੌਲੀ ਘਟਦੀ ਨਜ਼ਰ ਆਈ ਅਤੇ ਕੁਝ ਸਮੇਂ ਮਗਰੋਂ ਸਾਰੇ ਬ੍ਰਹਿਮੰਡ ਦੇ ਯੱਖ ਹੋ ਜਾਣ ਦਾ ਤੌਖ਼ਲਾ ਸਾਹਮਣੇ ਆਇਆ ਜਿਸ ਮੁਤਾਬਕ ਇਸ ਬ੍ਰਹਿਮੰਡ ਨੂੰ ਚੱਲਦਿਆਂ ਰੱਖਣ ਲਈ ਉਹਨਾਂ ਗ੍ਰਹਿਆਂ ਵਿੱਚ ਮੁੜ ਸ਼ਕਤੀ ਭਰਨੀ ਪਏਗੀ। ਗੁਰਮਤਿ ਦੇ ਉੱਪਰਲੇ ਸਿਧਾਂਤ 'ਜੋ ਕਿਛੁ ਪਾਇਆ ਸੁ ਏਕਾ ਵਾਰ' ਦੀ ਅਟੱਲ ਸੱਚਾਈ ਨੂੰ ਭਲਾ ਕੌਣ ਗ਼ਲਤ ਸਾਬਤ ਕਰ ਸਕਦਾ ਹੈ? ਹੁਣ ਦੀ ਤਾਜ਼ਾ ਖੋਜ ਅਨੁਸਾਰ ਵਿਗਿਆਨੀਆਂ ਨੂੰ ਸਮਝ ਪੈ ਗਈ ਹੈ ਕਿ ਕੁਝ ਸਦੀਆਂ ਸੂਰਜ ਦੀ ਗਰਮੀ ਘਾਟੇ ਵੱਲ ਜਾਂਦੀ ਹੈ ਅਤੇ ਕੁਝ ਸਦੀਆਂ ਵਾਧੇ ਵੱਲ ਪਰੰਤੂ ਬ੍ਰਹਿਮੰਡ ਦਾ ਤਾਪਮਾਨ ਉੱਥੇ ਦਾ ਉੱਥੇ ਰਹਿੰਦਾ ਹੈ। ਇਹ ਸੰਤੁਲਨ ਹਰ ਹਾਲਤ ਵਿੱਚ ਕਾਇਮ ਰਹਿੰਦਾ ਹੈ। ਸਦੀਆਂ ਵਾਧੇ ਵੱਲ ਜਾਂਦਾ ਹੈ ਪਰੰਤੂ ਬ੍ਰਹਿਮੰਡ ਦਾ ਤਾਪਮਾਨ ਉੱਥੇ ਦਾ ਉੱਥੇ ਰਹਿੰਦਾ ਹੈ। ਇਹ ਸੰਤੁਲਨ ਹਰ ਹਾਲਤ ਵਿੱਚ ਕਾਇਮ ਰਹਿੰਦਾ ਹੈ।

ਸੱਜਰੀਆਂ ਵਿਗਿਆਨਕ ਖੋਜਾਂ ਉੱਪਰਲੇ ਤੱਥਾਂ ਦੀ ਪੁਸ਼ਟੀ ਕਰਦੀਆਂ ਹਨ, ਜਿਨ੍ਹਾਂ ਅਨੁਸਾਰ ਬ੍ਰਹਿਮੰਡ ਦੇ ਗ੍ਰਹਿਆਂ ਦੀ ਪਰਸਪਰ ਰਗੜ ਜਾਂ ਟਕਰਾਓ ਤੋਂ ਜਿੱਥੇ ਕਈ ਪ੍ਰਕਾਰ ਦੀਆ ਸ਼ਕਤੀਆਂ ਉਤਪੰਨ (generate) ਹੁੰਦੀਆਂ ਹਨ, ਉੱਥੇ ਚੱਲਣ-ਘਸਣ ਨਾਲ ਨਿਘਰਦੀਆਂ (degenerate) ਵੀ ਹਨ। ਇਸ ਤਰ੍ਹਾਂ ਦਾ ਇਹ ਦੁਵੱਲਾ ਅਮਲ ਇੱਕਸਾਰਤਾ ਤੇ ਸੰਤੁਲਨ ਕਾਇਮ ਰੱਖਦਾ ਹੈ। ਸਾਰੇ ਜੀਵ-ਜੰਤੂਆਂ ਲਈ ਇਹ ਸਾਰੇ ਗ੍ਰਹਿ, ਮੀਂਹ, ਝੱਖੜ, ਆਦਿਕ ਵਾਯੂਮੰਡਲ ਵਿੱਚ ਆਕਸੀਜਨ ਤੇ ਪਾਣੀ ਦੇ ਤਨਾਸਬ ਨੂੰ ਇੱਕਸਾਰ ਰੱਖਣ ਵਿੱਚ ਸਹਾਇਕ ਹੁੰਦੇ ਹਨ।

ਗੁਰਮਤਿ ਦੇ ਸਿਧਾਂਤ ਸਪੇਸ-ਯੁੱਗ ਦੇ ਸਿਧਾਂਤ ਹਨ ਅਤੇ ਸਾਇੰਸ ਨਾਲੋਂ ਬਹੁਤ ਅੱਗੇ ਹਨ। ਅਜੋਕੀਆਂ ਖੋਜਾਂ ਨੇ ਆਇਨਸਟਾਈਨ ਦੇ 'ਪ੍ਰਕਿਰਤੀ ਦੇ ਮਾਦਾ ਹੋਣ' ਦੇ ਸਿਧਾਂਤ ਨੂੰ ਨਕਾਰ ਦਿੱਤਾ ਹੈ। ਨਵੀਂ ਖੋਜ ਮੁਤਾਬਕ ਇਸ ਪ੍ਰਕਿਰਤੀ ਦਾ ਮੂਲ ਊਰਜਾ (condensed energy) ਹੈ, ਜਿਸ ਨੂੰ ਵਿਗਿਆਨਕ ਖੋਜੀਆਂ ਨੇ 92 ਮੂਲ ਤੱਤਾਂ ਦੇ ਪਰਮਾਣੂਆਂ ਦੀ ਅਗੇਰੇ ਵੰਡ, ਬਿਜਲਾਣੂਆਂ ਤੇ ਪ੍ਰਤੀਆਣੂਆਂ ਵਿੱਚ, ਕਰਕੇ ਮਾਦੇ ਦੀ ਹੋਂਦ ਨੂੰ ਬਿਲਕੁਲ ਉਡਾ ਹੀ ਦਿੱਤਾ ਹੈ। ਬਿਜਲਾਣੂ ਤੇ ਪ੍ਰਤੀਆਣੂ ਇੱਕ ਸ਼ਕਤੀ ਦਾ ਰੂਪ ਹਨ। ਦੂਜੇ ਸ਼ਬਦਾਂ ਵਿੱਚ ਸਾਡੀ ਪ੍ਰਕਿਰਤੀ ਦਾ ਬੁਨਿਆਦੀ ਮੂਲ ਮਸਾਲਾ ਇੱਕ ਸ਼ਕਤੀ ਹੈ, ਮਾਦਾ ਨਹੀਂ। ਭਾਵੇਂ ਮਨੁੱਖੀ ਦ੍ਰਿਸ਼ਟੀ-ਪਰਮਾਣ ਇਸ ਨੂੰ ਸਥੂਲ ਰੂਪ ਵਿੱਚ ਹੀ ਵੇਖ ਸਕਦਾ ਹੈ।

ਅਜੋਕੇ ਵਿਗਿਆਨੀਆਂ ਤੋਂ ਪੰਜ ਸੌ ਸਾਲ ਪਹਿਲਾਂ ਬਾਬੇ ਨਾਨਕ ਨੇ ਆਪਣੇ ਅਧਿਆਤਮਕ ਦਿਬ-ਲੋਇਣ ਨਾਲ ਪ੍ਰਕਿਰਤੀ ਦੀ ਮੂਲ ਸ਼ਕਤੀ ਨੂੰ ਅਨੁਭਵ ਕੀਤਾ ਅਤੇ ਆਪ ਜੀ ਨੇ ਦਰਸਾਇਆ

ਕਿ ਉਹ ਸ਼ਕਤੀ ਚੇਤੰਨ ਕੰਮ ਕਰ ਰਹੀ ਹੈ। ਗੁਰਮਤਿ ਸਾਇੰਸ ਨਾਲੋਂ ਬਹੁਤ ਹੀ ਜ਼ਿਆਦਾ ਅੱਗੇ ਹੈ। ਇਸ ਨੇ ਤਾਂ ਇਹ ਵੀ ਫ਼ੈਸਲਾ ਦੇ ਰੱਖਿਆ ਹੈ ਕਿ ਇਸ ਸ਼ਕਤੀ ਵਿੱਚ ਕੋਈ ਘਾਟਾ-ਵਾਧਾ ਨਹੀਂ ਹੋ ਸਕਦਾ ਅਤੇ ਇਹ ਸਦੀਵੀ ਹੈ — ਜਦ ਤੱਕ ਕਿ ਅਕਾਲ ਪੁਰਖ ਦੀ ਰਜ਼ਾ ਨਾਲ ਇਹ ਬ੍ਰਹਿਮੰਡ ਕਾਇਮ ਹੈ:

1) ਸਭ ਮਹਿ ਜੋਤਿ, ਜੋਤਿ ਹੈ ਸੋਇ॥ ਤਿਸ ਦੈ ਚਾਨਣਿ, ਸਭ ਮਹਿ ਚਾਨਣੁ ਹੋਇ॥ (ਪੰ. 13, ਗੁਰੂ ਗ੍ਰੰਥ ਸਾਹਿਬ)

2) ਵਡਾ ਨ ਹੋਵੈ ਘਾਟਿ ਨ ਜਾਇ॥ (ਆਸਾ ਮ: ੧, ਪੰਨਾ 9)

ਸਾਇੰਸਦਾਨਾਂ ਸਾਹਮਣੇ ਜੋ ਕੁਝ ਹੈ, ਉਸ ਦੀ ਹੀ ਉਹ ਖੋਜ ਕਰਦੇ ਹਨ। ਇਹਨਾਂ ਨੇ ਹੁਣ ਇਹ ਜਾਣ ਲਿਆ ਹੈ ਕਿ ਪਾਣੀ ਕਿਵੇਂ ਬਣਦਾ ਹੈ ? ਭਾਵ, ਦੋ ਗੈਸਾਂ ਨੂੰ ਆਪਸ ਵਿੱਚ ਮਿਲਾ ਦੇਣ ਨਾਲ ਪਾਣੀ ਬਣ ਜਾਂਦਾ ਹੈ; ਪਰੰਤੂ ਗੈਸਾਂ ਦਾ ਮੂਲ ਆਧਾਰ ਕੀ ਹੈ ? ਇਹ ਕਿੱਥੋਂ ਆਈਆਂ ? ਇਹਨਾਂ ਦਾ ਸਾਰੇ ਬ੍ਰਹਿਮੰਡ ਵਿੱਚ ਕਿਵੇਂ ਤੇ ਕੌਣ ਸਮਤੋਲ ਰੱਖਦਾ ਹੈ ? ਵਿਗਿਆਨੀਆਂ ਨੂੰ ਤਾਂ ਇਹਨਾਂ ਗੱਲਾਂ ਦਾ ਜਵਾਬ ਲੱਭਣ ਲਈ ਸੈਂਕੜੇ ਜਾਂ ਹਜ਼ਾਰਾਂ ਸਾਲ ਵੀ ਲੱਗ ਸਕਦੇ ਹਨ ਪਰੰਤੂ ਗੁਰੂ ਨਾਨਕ ਸਾਹਿਬ ਨੇ ਇਹਨਾਂ ਸਵਾਲਾਂ ਦਾ ਜਵਾਬ ਸੈਂਕੜੇ ਸਾਲ ਪਹਿਲਾਂ ਹੀ ਦੇ ਰੱਖਿਆ ਹੈ :

1) ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ॥
(ਪੰ. 19, ਗੁਰੂ ਗ੍ਰੰਥ ਸਾਹਿਬ)

2) ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥
(ਪੰ.350, ਗੁਰੂ ਗ੍ਰੰਥ ਸਾਹਿਬ)

ਗੁਰਮਤਿ ਨੇ ਅਜੋਕੇ ਸਾਇੰਸਦਾਨਾਂ ਦੀਆਂ ਖੋਜਾਂ ਤੋਂ ਪਹਿਲਾਂ ਇਹ ਫ਼ੈਸਲਾ ਵੀ ਦੇ ਰੱਖਿਆ ਸੀ ਕਿ ਬਨਸਪਤੀ ਵਿੱਚ ਵੀ ਜੀਵਨ ਹੈ। ਪਾਣੀ, ਸਾਗਰ ਜੀਵ-ਉਤਪਤੀ ਦੇ ਸੋਮੇ ਹਨ। ਪਾਣੀ ਹਰ ਵੇਲੇ ਸਾਰੇ ਵਾਯੂਮੰਡਲ ਵਿੱਚ ਸਮਾਇਆ ਰਹਿੰਦਾ ਹੈ। ਅੱਜ ਦੇ ਵਿਗਿਆਨੀਆਂ ਨੇ ਆਪਣੀ ਵਿਕਾਸ ਥਿਊਰੀ ਰਾਹੀਂ ਇਹ ਸਵੀਕਾਰ ਕੀਤਾ ਹੈ ਕਿ ਸਭ ਤੋਂ ਪਹਿਲਾਂ ਜੀਵ ਦੀ ਉਤਪਤੀ ਪਾਣੀ ਵਿੱਚ ਹੋਈ ਅਤੇ ਪਾਣੀ ਵਿੱਚੋਂ ਜੀਵ ਦੀ ਉਤਪਤੀ ਹੋਣ ਕਾਰਨ ਹੀ ਸ਼ਾਇਦ ਸੰਸਾਰ ਦਾ ਕੋਈ ਜੀਵ-ਜੰਤੂ ਪਾਣੀ ਤੋਂ ਬਿਨਾਂ ਬਹੁਤਾ ਚਿਰ ਆਪਣੀ ਹਸਤੀ ਕਾਇਮ ਨਹੀਂ ਰੱਖ ਸਕਦਾ। ਗੁਰੂ ਨਾਨਕ ਸਾਹਿਬ ਇਸ ਸੱਚਾਈ ਨੂੰ ਪਹਿਲਾਂ ਹੀ ਪ੍ਰਗਟ ਕਰ ਚੁੱਕੇ ਹਨ:

1) ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ॥
(ਪੰ. 476, ਗੁਰੂ ਗ੍ਰੰਥ ਸਾਹਿਬ)

2) ਜਲ ਤੇ ਤ੍ਰਿਭਵਣੁ ਸਾਜਿਆ, ਜਿਤੁ ਹਰਿਆ ਸਭੁ ਕੋਇ॥
(ਪੰ. 472, ਗੁਰੂ ਗ੍ਰੰਥ ਸਾਹਿਬ)

ਇਵੇਂ ਹੀ ਹੇਠਲੀ ਤੁਕ ਵਿੱਚ ਗੁਰੂ ਨਾਨਕ ਸਾਹਿਬ ਦੀ ਭੌਤਿਕ ਵਿਗਿਆਨ ਦੀ ਮੁਹਾਰਤ ਵੇਖੀ ਜਾ ਸਕਦੀ ਹੈ ਜਿਸ ਵਿੱਚ ਆਪ ਜੀ ਨੇ ਦਰਸਾਇਆ ਹੈ ਕਿ ਸਾਰੀ ਸ੍ਰਿਸ਼ਟੀ-ਰਚਨਾ ਦੇ ਪੰਜ ਮੂਲ ਤੱਤ ਹਨ ਅਤੇ ਉਸ ਅਕਾਲ ਪੁਰਖ ਦੇ ਹੁਕਮ ਨਾਲ ਹੀ ਹਰ ਕੋਈ ਹੋਂਦ ਵਿੱਚ ਆਉਂਦਾ ਹੈ:

1) ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ॥
(ਪੰ.766, ਗੁਰੂ ਗ੍ਰੰਥ ਸਾਹਿਬ)

2) ਹੁਕਮੀ ਹੋਵਨਿ ਆਕਾਰ॥ (ਜਪੁ ਜੀ, ਗੁਰੂ ਗ੍ਰੰਥ ਸਾਹਿਬ)

ਉਂਝ ਤਾਂ ਗੁਰਬਾਣੀ ਦੀ ਹਰ ਟੂਕ ਆਪਣੇ-ਆਪ ਵਿੱਚ ਇੱਕ ਸਿਧਾਂਤ ਹੈ, ਅਟੱਲ ਸਚਾਈ ਹੈ ਅਤੇ ਕੁਦਰਤ ਦੀ ਅਸਲੀਅਤ ਦਾ ਤੱਤ ਹੈ ਪਰੰਤੂ ਗੁਰੂ ਨਾਨਕ ਸਾਹਿਬ ਦੀਆਂ ਹੇਠ ਲਿਖੀਆਂ ਤੁਕਾਂ ਵਿੱਚੋਂ ਉਹਨਾਂ ਦੀ ਨਾ ਕੇਵਲ ਦਿਬ-ਦ੍ਰਿਸ਼ਟੀ ਦਾ ਹੀ ਕਮਾਲ ਵੇਖਿਆ ਜਾ ਸਕਦਾ ਹੈ, ਸਗੋਂ ਵਿਗਿਆਨ ਦੇ ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰ ਵਿਖਾਉਣ ਦੀ ਅਦੁੱਤੀ ਜੁਗਤੀ ਨੂੰ ਵੀ:

ਪਸਰੀ ਕਿਰਣਿ ਰਸਿ ਕਮਲ ਬਿਗਾਸੇ॥
(ਪੰ. 1331, ਗੁਰੂ ਗ੍ਰੰਥ ਸਾਹਿਬ)

ਕਿਤਨੀ ਕਮਾਲ ਦੀ ਜੁਗਤੀ ਨਾਲ ਗ੍ਰਹਿ ਵਿਗਿਆਨ (Astronomy) ਤੇ ਬਨਸਪਤੀ ਵਿਗਿਆਨ (Botany) ਦੇ ਵਿਗਿਆਨਕ ਤੱਥਾਂ ਨੂੰ ਇੱਕ ਹੀ ਤੁਕ ਵਿੱਚ ਪੇਸ਼ ਕਰ ਵਿਖਾਇਆ ਹੈ। 99% ਬਨਸਪਤੀ ਸੂਰਜ ਕਿਰਣ ਨਾਲ ਹੀ ਵਿਗਸਦੀ ਹੈ ਅਤੇ ਫੁੱਲ ਤਾਂ ਖਿੜਦੇ ਹੀ ਪਸਰੀ ਕਿਰਨ ਨਾਲ ਹੀ ਹਨ। ਗੁਰੂ ਨਾਨਕ ਸਾਹਿਬ ਨੇ ਇੱਕ ਹੋਰ ਕਮਾਲ ਦਾ ਵਿਗਿਆਨਕ ਤੱਥ ਸੰਸਾਰ ਸਾਹਮਣੇ ਰੱਖਿਆ। ਉਹ ਇਹ ਕਿ ਚੰਦਰਮਾ ਦੀ ਆਪਣੀ ਰੋਸ਼ਨੀ ਕੋਈ ਨਹੀਂ, ਸਗੋਂ ਚੰਦਰਮਾ ਦੇ ਤਲ ਤੋਂ ਸੂਰਜ ਦੀਆਂ ਕਿਰਨਾਂ ਦੀ ਲਿਸ਼ਕ (Reflection) ਹੈ। ਦੂਜੇ ਸ਼ਬਦਾਂ ਵਿੱਚ ਸੂਰਜ ਦੇ ਪ੍ਰਕਾਸ਼ ਨਾਲ ਹੀ ਇਹ ਤਪਦਾ, ਦਮਕਦਾ ਹੈ ਅਤੇ ਸਾਨੂੰ ਰੌਸ਼ਨੀ ਦਿੰਦਾ ਹੈ:

ਸਸਿ ਘਰਿ ਸੂਰੁ ਦੀਪਕੁ ਗੈਣਾਰੇ॥
(ਪੰ. 1041, ਗੁਰੂ ਗ੍ਰੰਥ ਸਾਹਿਬ)

ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥
(ਪੰ. 943, ਗੁਰੂ ਗ੍ਰੰਥ ਸਾਹਿਬ)

ਅੱਜ ਦੇ ਸਾਇੰਸਦਾਨਾਂ ਨੇ ਇਹ ਖੋਜ ਕੀਤੀ ਹੈ ਕਿ ਨਿੱਕੀ (Microcosm) ਅਤੇ ਵੱਡੀ ਤੋਂ ਵੱਡੀ (Macrocosm) ਵਸਤੂ ਵਿੱਚ ਇੱਕੋ ਜੇਹੇ ਅਸੂਲ ਕੰਮ ਕਰ ਰਹੇ ਹਨ। ਗੁਰਮਤਿ ਨੇ ਸਾਇੰਸ ਦੀਆਂ ਅਜੋਕੀਆਂ ਖੋਜਾਂ ਤੋਂ ਸੈਂਕੜੇ ਸਾਲ ਪਹਿਲਾਂ ਹੀ ਇਹ ਜਾਣਕਾਰੀ ਦੇ ਰੱਖੀ ਹੋਈ ਹੈ ਕਿ ਜੋ ਅਸੂਲ ਸਾਰੇ ਬ੍ਰਹਿਮੰਡ ਵਿੱਚ ਕੰਮ ਕਰ ਰਿਹਾ ਹੈ, ਇੱਕ ਇਕੱਲੀ ਵਸਤੂ ਵਿੱਚ ਵੀ ਉਹੀ ਅਸੂਲ ਕੰਮ ਕਰ ਰਿਹਾ ਹੈ। ਗੁਰਮਤਿ ਫ਼ਲਸਫ਼ੇ ਨੇ ਹੀ ਪਹਿਲੀ ਵਾਰ ਸੰਸਾਰ ਸਾਹਮਣੇ ਕੁਦਰਤ ਦਾ

ਇਹ ਰਾਜ਼ ਖੋਲ੍ਹਿਆ ਹੈ ਕਿ ਜੋ ਅਸੂਲ ਸਾਰੇ ਬ੍ਰਹਮੰਡ ਵਿੱਚ ਕੰਮ ਕਰ ਰਿਹਾ ਹੈ, ਉਹੀ ਅਸੂਲ ਹਰ ਨਿੱਕੀ ਤੋਂ ਨਿੱਕੀ ਅਤੇ ਵੱਡੀ ਤੋਂ ਵੱਡੀ ਸ਼ੈ ਵਿੱਚ ਕੰਮ ਕਰ ਰਿਹਾ ਹੈ:-

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ... ...॥

(ਪੰ. 1041, ਗੁਰੂ ਗ੍ਰੰਥ ਸਾਹਿਬ)

ਗੁਰਮਤਿ-ਅਨੁਭਵ ਨੇ ਹੀ ਕੁਦਰਤ ਦਾ ਦੂਜਾ ਭੇਦ ਇਹ ਖੋਲ੍ਹਿਆ ਕਿ ਜਿਹੜਾ ਅਸੂਲ ਸਾਰੇ ਬ੍ਰਹਿਮੰਡ ਵਿੱਚ ਕੰਮ ਕਰ ਰਿਹਾ ਹੈ, ਮਨੁੱਖੀ ਸਰੀਰ ਵਿੱਚ ਵੀ ਉਹੀ ਅਸੂਲ ਕੰਮ ਕਰ ਰਿਹਾ ਹੈ:

ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

(ਪੰ. 695, ਗੁਰੂ ਗ੍ਰੰਥ ਸਾਹਿਬ)

ਗੁਰਮਤਿ ਦਾ ਮੀਰੀ (ਸੰਸਾਰਕਤਾ) ਤੇ ਪੀਰੀ (ਆਤਮਕਤਾ) ਦੋ ਪੱਖਾਂ ਦਾ ਸਿਧਾਂਤ ਕੁਦਰਤ ਦੇ ਉਸ ਤੀਜੇ ਨਿਯਮ ਦਾ ਰਾਜ਼ ਖੋਲ੍ਹਦਾ ਹੈ ਜਿਸ ਮੁਤਾਬਕ ਕੁਦਰਤ ਦੀ ਹਰ ਜਾਨਦਾਰ ਤੇ ਬੇਜਾਨ ਸ਼ੈ ਅੰਦਰ ਦੋ ਵਿਰੋਧੀ ਤੱਤ ਮੌਜੂਦ ਹਨ ਅਤੇ ਓਹਨਾਂ ਦੋ ਵਿਰੋਧੀ ਤੱਤਾਂ ਦੇ ਇੱਕ ਖ਼ਾਸ ਸੰਤੁਲਨ ਨਾਲ ਹੀ ਹਰ ਸ਼ੈ ਦੀ ਹੋਂਦ ਕਾਇਮ ਹੈ। ਓਹਨਾਂ ਦੋਹਾਂ ਵਿੱਚੋਂ ਕਿਸੇ ਵੀ ਇੱਕ ਤੱਤ ਦੇ ਅਲੋਪ ਹੋ ਜਾਣ ਨਾਲ ਉਸ ਸ਼ੈ ਦੀ ਹੋਂਦ ਆਪਣੇ-ਆਪ ਖ਼ਤਮ ਹੋ ਜਾਂਦੀ ਹੈ। ਇਸ ਨੂੰ ਸਪਸ਼ਟ ਕਰਨ ਲਈ ਇੱਕ ਮਿਸਾਲ ਹਾਜ਼ਰ ਹੈ:

ਇੱਕ ਰੁੱਖ (ਦਰਖ਼ਤ) ਵਿੱਚ ਅੱਗ ਅਤੇ ਪਾਣੀ ਦੋ ਵਿਰੋਧੀ ਤੱਤ ਹਨ। ਇਹਨਾਂ ਦੋ ਵਿਰੋਧੀ ਤੱਤਾਂ ਦੇ ਇੱਕ ਖ਼ਾਸ ਸੰਤੁਲਨ ਨਾਲ ਹੀ ਰੁਖ ਦੀ ਹੋਂਦ ਕਾਇਮ ਹੈ ਭਾਵ ਰੁਖ ਜ਼ਿੰਦਾ ਹੈ। ਜੇ ਪਾਣੀ ਦਾ ਤੱਤ ਅਲੋਪ ਹੋ ਜਾਏ, ਤਾਂ ਉਹ ਰੁੱਖ ਸੁੱਕ ਕੇ ਲੱਕੜ ਬਣ ਜਾਏਗਾ। ਜੇ ਅੱਗ ਦਾ ਤੱਤ ਅਲੋਪ ਹੋ ਜਾਏ ਤਾਂ ਰੁੱਖ ਪਾਣੀ ਦੀ ਸੇਮ ਨਾਲ ਖ਼ਤਮ ਹੋ ਜਾਏਗਾ ਅਤੇ ਉਸ ਰੁੱਖ ਦੀ ਹੋਂਦ ਖ਼ਤਮ ਹੋ ਜਾਏਗੀ।

ਇਹ ਕੁਦਰਤ ਦਾ ਇੱਕ ਚਮਤਕਾਰ ਹੈ ਕਿ ਦੋ ਵਿਰੋਧੀ ਤੱਤਾਂ ਦੇ ਇੱਕ ਖ਼ਾਸ ਸੰਤੁਲਨ ਨਾਲ ਹੀ ਹਰ ਸ਼ੈ ਦੀ ਹੋਂਦ ਕਾਇਮ ਹੈ। ਹੋਰਨਾਂ ਜੀਵ-ਜੰਤੂਆਂ ਵਾਂਗ ਸਾਡਾ ਮਨੁੱਖੀ ਸਰੀਰ ਵੀ ਇਸੇ ਅਸੂਲ ਨਾਲ ਕੰਮ ਕਰ ਰਿਹਾ ਹੈ। ਜੋ ਅਸੂਲ ਕੁਦਰਤ ਦੇ ਹੋਰ ਸਾਰੇ ਜੀਵ-ਜੰਤੂਆਂ ਵਿੱਚ ਕੰਮ ਕਰ ਰਿਹਾ ਹੈ, ਮਨੁੱਖੀ ਸਰੀਰ ਵਿੱਚ ਵੀ ਉਹੀ ਅਸੂਲ ਕੰਮ ਕਰ ਰਿਹਾ ਹੈ। ਅੱਗ (ਸਾਡੀ ਖ਼ੁਰਾਕ ਤੋਂ ਬਣੀ ਏਨਰਜੀ) ਤੇ ਪਾਣੀ ਦਾ ਇੱਕ ਖ਼ਾਸ ਸੰਤੁਲਨ ਸਾਰੇ ਸਰੀਰ ਦੇ ਤਾਪਮਾਨ ਨੂੰ ਠੀਕ ਰੱਖ ਕੇ ਸਾਡੀ ਸਿਹਤ ਨੂੰ ਠੀਕ ਰੱਖਦਾ ਹੈ। ਇਸੇ ਤਰ੍ਹਾਂ ਮਨੁੱਖ ਅੰਦਰ ਸਖ਼ਤੀ (ਕ੍ਰੋਧ, ਬਹਾਦਰੀ, ਸੂਰਬੀਰਤਾ ਆਦਿਕ) ਤੇ ਕੋਮਲਤਾ (ਪਿਆਰ, ਦਇਆ, ਸੰਤੋਖ ਆਦਿਕ) ਦਾ ਸੰਤੁਲਨ ਹੀ ਮਨੁੱਖ ਨੂੰ ਆਦਰਸ਼ਕ ਮਨੁੱਖ ਬਣਾ ਸਕਦਾ ਹੈ ਜਿਸ ਨਾਲ ਮਨੁੱਖ ਦੇ 99% ਘਰੋਗੀ ਆਪਸੀ ਝਗੜੇ, ਸਮਾਜਕ ਝਗੜੇ ਅਤੇ ਕੌਮੀ ਝਗੜੇ ਖ਼ਤਮ ਕੀਤੇ ਜਾ ਸਕਦੇ ਹਨ ਨਾ ਕਿ ਪੁਲਸ, ਅਦਾਲਤਾਂ, ਜੇਲ੍ਹਾਂ ਤੇ ਗੋਲ਼ੀਆਂ ਨਾਲ।

ਗੁਰੂ ਨਾਨਕ ਸਾਹਿਬ ਸੰਸਾਰ ਦੇ ਪਹਿਲੇ ਮਹਾਨ ਦਾਰਸ਼ਨਿਕ ਸਾਇੰਸਵੇਤਾ ਹਨ ਜਿਨ੍ਹਾਂ ਨੇ ਕੁਦਰਤ ਦੀ ਸਹਿਯੋਗ ਤੇ ਸਹਿਵਿਚਰਨ ਦੀ ਨਿਯਮਾਵਲੀ ਦਾ ਇਹ ਭੇਦ ਖੋਲ੍ਹਿਆ ਕਿ ਇਸ ਬ੍ਰਹਿਮੰਡ ਦੀ ਹਰ ਸ਼ੈ ਇੱਕ-ਦੂਜੇ ਨੂੰ ਜੀਣ-ਥੀਣ ਵਿੱਚ ਸਹਾਇਕ ਬਣ ਕੇ ਇਸ ਬ੍ਰਹਿਮੰਡ ਨੂੰ ਚੱਲਦੇ ਰੱਖਣ ਵਿੱਚ ਆਪਣਾ ਨਿਸਚਿਤ ਯੋਗਦਾਨ ਪਾ ਰਹੀ ਹੈ। ਸਾਰੇ ਗ੍ਰਹਿ ਇੱਕ-ਦੂਜੇ ਤੋਂ ਰੌਸ਼ਨੀ ਤੇ ਗਰਮੀ ਲੈਂਦੇ ਤੇ ਦਿੰਦੇ ਰਹਿੰਦੇ ਹਨ। ਇਸ ਬ੍ਰਹਿਮੰਡ ਦੀ ਹਰ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਸ਼ੈ ਕਿਸੇ ਨਾ ਕਿਸੇ ਸ਼ਕਲ ਵਿੱਚ ਇਸ ਨੂੰ ਚੱਲਦਿਆਂ ਰੱਖਣ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਇਸ ਸਾਰੇ ਬ੍ਰਹਿਮੰਡ ਵਿੱਚ ਇੱਕ ਵੀ ਅਜਿਹੀ ਚੀਜ਼ ਨਹੀਂ ਜਿਹੜੀ ਕਿ ਇਸ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਨਾ ਪਾ ਰਹੀ ਹੋਵੇ। ਅਕਾਲ ਪੁਰਖ ਦੀਆਂ ਨਜ਼ਰਾਂ ਵਿੱਚ ਇੱਕ ਕੀੜੀ ਦੇ ਪਾਏ ਯੋਗਦਾਨ ਦੀ ਵੀ ਉਤਨੀ ਹੀ ਮਹਾਨਤਾ ਹੈ ਜਿਤਨੀ ਕਿ ਇੱਕ ਹਾਥੀ ਦੇ ਪਾਏ ਯੋਗਦਾਨ ਦੀ। ਰੇਤ ਦੇ ਇੱਕ ਕਿਣਕੇ ਦਾ ਪਾਇਆ ਯੋਗਦਾਨ ਵੀ ਉਤਨਾ ਹੀ ਮਹੱਤਵਪੂਰਨ ਹੈ ਜਿਤਨਾ ਕਿ ਇੱਕ ਪਹਾੜ ਦਾ।

ਗੁਰਮਤਿ ਨੇ ਹੀ ਕੁਦਰਤ ਦਾ ਇਹ ਰਾਜ਼ ਖੋਲ੍ਹਿਆ ਕਿ ਸਾਰੇ ਬ੍ਰਹਿਮੰਡ ਦਾ ਨਿਜ਼ਾਮ ਸਹਿਵਾਸ ਤੇ ਸਹਿਯੋਗ ਦੇ ਅਸੂਲ ਨਾਲ ਚੱਲ ਰਿਹਾ ਹੈ। ਕੁਦਰਤ ਦੀ ਹਰ ਚੀਜ਼ ਕ੍ਰਿਆਸ਼ੀਲ ਹੈ; ਸਾਰਾ ਬ੍ਰਹਿਮੰਡ ਵਿਕਾਸ ਵੱਲ ਵਧ ਰਿਹਾ ਹੈ। ਇੱਕ ਨਿੱਕਾ ਜਿਹਾ ਬੂਟਾ ਵੀ ਫੁੱਲ-ਫਲ ਤੱਕ ਅਪੜਨਾ ਚਾਹੁੰਦਾ ਹੈ; ਫੁੱਲ ਦਾ ਬੀਜ ਪੁੰਗਰਦਾ ਹੈ, ਬੂਟਾ ਬਣਦਾ ਹੈ, ਫੁੱਲ ਖਿੜਦਾ ਹੈ ਅਤੇ ਬ੍ਰਹਿਮੰਡ ਵਿੱਚ ਸੁਹੱਪਣ, ਖੇੜਾ, ਮਹਿਕ ਤੇ ਖੁਸ਼ੀ ਵੰਡਦਾ ਹੈ ਕਿਉਂਕਿ ਇਹ ਕੁਦਰਤ ਦਾ ਨਿਯਮ ਹੈ, ਕਾਦਰ ਦਾ ਹੁਕਮ ਹੈ ਕਿ ਆਪ ਗੱਦ-ਗੱਦ ਹੋ ਕੇ ਦੂਜਿਆਂ ਨੂੰ ਗੱਦ-ਗੱਦ ਕਰਨਾ ਹੈ। ਇਹ ਉਸ ਦਾ ਪ੍ਰਕ੍ਰਿਤਕ ਫ਼ਰਜ਼ ਹੈ। ਹਰ ਚੀਜ਼ ਨੇ ਉਪਜਣਾ ਹੈ, ਪਲਣਾ-ਪੁੰਗਰਨਾ ਹੈ, ਵੱਡੇ ਹੋ ਕੇ ਫਲ-ਫੁੱਲ ਦੇਣਾ ਹੈ, ਖਿੜਨਾ ਹੈ, ਮਹਿਕਣਾ ਹੈ, ਖੇੜਾ ਵੰਡਣਾ ਹੈ ਅਤੇ ਆਪਣਾ ਨਿਸਚਿਤ ਪ੍ਰਕ੍ਰਿਤਕ ਯੋਗਦਾਨ ਪਾ ਕੇ ਫਿਰ ਉਸੇ ਮਿੱਟੀ ਵਿੱਚ ਮਿਲ ਕੇ, ਖਾਦ ਬਣ ਕੇ ਹੋਰਨਾਂ ਨੂੰ ਉਪਜਣ ਵਿੱਚ ਸਹਾਇਕ ਬਣਨਾ ਉਸ ਦਾ ਆਦਰਸ਼ ਹੈ। ਇਸ ਨੂੰ ਸਪਸ਼ਟ ਕਰਨ ਲਈ ਇੱਕ ਮਿਸਾਲ ਹਾਜ਼ਰ ਹੈ:

ਦਰਖ਼ਤ ਜਿਹੜੀ ਹਵਾ (ਔਕਸੀਜਨ) ਬਾਹਰ ਛੱਡਦੇ ਹਨ, ਉਹ ਮਨੁੱਖ ਦੀ ਜਿੰਦ-ਜਾਨ ਹੈ ਜਿਸ ਬਿਨਾ ਮਨੁੱਖ ਦਾ ਜੀਅ ਸਕਣਾ ਅਸੰਭਵ ਹੈ। ਇਸੇ ਤਰ੍ਹਾਂ ਜਿਹੜੀ ਗੰਦੀ ਹਵਾ (ਕਾਰਬਨ ਡਾਇਕਸਾਈਡ) ਮਨੁੱਖ ਸਾਹ ਰਾਹੀਂ ਬਾਹਰ ਕੱਢਦੇ ਹਨ, ਉਹ ਦਰਖ਼ਤਾਂ ਦੀ ਜਿੰਦ-ਜਾਨ ਹੈ। ਇਵੇਂ ਹੀ ਕੁਦਰਤ ਦੀ ਹਰ ਸ਼ੈ ਸਹਿਵਾਸ ਤੇ ਸਹਿਯੋਗ ਦੇ ਅਸੂਲ ਨਾਲ ਜ਼ਿੰਦਾ ਹੈ। ਇਸ ਤੋਂ ਬਿਨਾ ਦਰਖ਼ਤ ਮਨੁੱਖ ਤੇ ਪੰਛੀਆਂ ਨੂੰ ਫੁੱਲ-ਫਲ਼ ਦੇਂਦੇ ਹਨ, ਛਾਂ ਦੇਂਦੇ ਹਨ; ਪੰਛੀਆਂ ਨੂੰ ਆਲ੍ਹਣੇ ਲਈ ਥਾਂ ਦਿੰਦੇ ਹਨ; ਮਕਾਨਾਂ, ਫੈਕਟਰੀਆਂ ਤੇ ਹਜ਼ਾਰਾਂ ਹੋਰ

ਕੰਮਾਂ ਲਈ ਲੱਕੜ ਦਿੰਦੇ ਹਨ; ਪ੍ਰਕ੍ਰਿਤੀ ਦੇ ਵਾਧੇ ਲਈ ਬੀਜ ਪੈਦਾ ਕਰਦੇ ਹਨ। ਹੋਰ ਤਾਂ ਹੋਰ ਪੱਤਝੜ ਸਮੇਂ ਡਿੱਗੇ ਪੱਤੇ ਵੀ ਖਾਦ ਬਣ ਕੇ ਹੋਰਨਾਂ ਨੂੰ ਉੱਗਣ ਵਿੱਚ ਸਹਾਇਕ ਹੁੰਦੇ ਹਨ ਅਤੇ ਇਸ ਬ੍ਰਹਿਮੰਡ ਦੇ ਚੱਕਰ ਨੂੰ ਚੱਲਦਾ ਰੱਖਦੇ ਹਨ।

ਅਜੋਕੀ ਸਾਇੰਸ-ਖੋਜ ਮੁਤਾਬਕ ਏਨਰਜੀ ਦੇ ਸਥੂਲ ਮਾਦੇ ਦੇ ਹਰ ਅਣੂ ਵਿੱਚ ਪਰਮਾਣੂ ਹਨ ਜਿਸ ਦੇ ਅੱਗੇ ਹੋਰ ਕਈ ਭਾਗ ਹਨ। ਇੱਕ ਉਸ ਦੀ ਨਾਭੀ ਹੈ ਅਤੇ ਉਸ ਦੇ ਚਾਰ-ਚੁਫੇਰੇ ਇਲੈਕਟਰੌਨ ਤੇ ਨਿਊਟਰੌਨ ਆਦਿ ਚੱਕਰ ਲਗਾ ਰਹੇ ਹਨ। ਗੁਰੂ ਸਾਹਿਬ ਨੇ ਇਹੀ ਸਿਧਾਂਤ ਸੰਸਾਰ ਸਾਹਮਣੇ ਰੱਖਿਆ ਕਿ ਜਿਹੜਾ ਅਸੂਲ ਸਾਰੇ ਬ੍ਰਹਿਮੰਡ ਵਿੱਚ ਕੰਮ ਕਰ ਰਿਹਾ ਹੈ, ਮਨੁੱਖੀ ਸਰੀਰ ਵਿੱਚ ਵੀ ਉਹੀ ਅਸੂਲ ਕੰਮ ਕਰ ਰਿਹਾ ਹੈ ਅਤੇ ਇੱਕ ਨਿੱਕੇ ਤੋਂ ਨਿੱਕੇ ਜ਼ੱਰੇ ਵਿੱਚ ਵੀ ਉਹੀ ਅਸੂਲ ਕੰਮ ਕਰ ਰਿਹਾ ਹੈ। ਅਜੋਕਾ ਮਨੁੱਖ ਕੁਦਰਤ ਦੇ ਅਸੂਲਾਂ ਤੋਂ ਦੁਰਾਡੇ ਜਾ ਕੇ ਭਟਕ ਰਿਹਾ ਹੈ। ਅੱਜ ਦੇ ਵਿਗਿਆਨਕ ਯੁੱਗ ਦੇ ਵਿਚਾਰਵਾਨ, ਨੀਤੀਵਾਨ ਅਤੇ ਵਿਦਵਾਨ ਮਾਨਵਤਾ ਦੇ ਭਲੇ ਲਈ ਮਸੀਂ ਇਹ ਆਦਰਸ਼ਕ ਅਸੂਲ ਲਿਖਤੀ ਰੂਪ (ਅਮਲੀ ਰੂਪ ਦੇ ਸਕਣਾ ਤਾਂ ਬਹੁਤ ਦੂਰ ਦੀ ਗੱਲ ਹੈ) ਵਿੱਚ ਪੇਸ਼ ਕਰ ਸਕੇ ਹਨ ਕਿ 'ਜੀਵੋ ਤੇ ਜੀਣ ਦੇਵੋ' (Live and let live) ਪਰ ਕੁਦਰਤ ਦੀ ਨਿਯਮਾਵਲੀ 'ਤੇ ਆਧਾਰਤ ਗੁਰਮਤਿ ਸੋਚ ਤਾਂ ਇੱਥੋਂ ਕੋਹਾਂ ਦੂਰ ਦੀ ਗੱਲ ਹੈ। ਕੁਦਰਤ ਦੀ ਤਾਂ ਹਰ ਸ਼ੈ ਸਹਿਯੋਗੀ ਤੇ ਸਹਿਵਾਸੀ ਬਣ ਕੇ ਦੂਜੇ ਨੂੰ ਜੀਣ-ਥੀਣ ਵਿੱਚ ਸਹਾਇਕ ਬਣ ਕੇ, ਇਸ ਪ੍ਰਕ੍ਰਿਤਕ ਚੱਕਰ ਨੂੰ ਚੱਲਦਿਆਂ ਰੱਖਣ ਵਿੱਚ ਜੁਟੀ ਹੋਈ ਹੈ। ਕੁਦਰਤ ਦੀ ਹਰ ਸ਼ੈ ਇੱਕ-ਦੂਜੇ 'ਤੇ ਨਿਰਭਰ ਕਰਦੀ ਹੈ। ਦਰਖ਼ਤ ਜਿਹੜੀ ਆਕਸੀਜਨ ਹਵਾ ਬਾਹਰ ਛੱਡਦੇ ਹਨ, ਉਹ ਮਨੁੱਖ ਦੀ ਜਿੰਦ-ਜਾਨ ਹੈ ਜਿਸ ਤੋਂ ਬਿਨਾਂ ਮਨੁੱਖ ਲਈ ਜੀਅ ਸਕਣਾ ਅਸੰਭਵ ਹੈ। ਇਸੇ ਤਰ੍ਹਾਂ ਜਿਹੜੀ ਗੰਦੀ ਹਵਾ (ਕਾਰਬਨ ਡਾਇਕਸਾਈਡ) ਮਨੁੱਖ ਸਾਹ ਰਾਹੀਂ ਬਾਹਰ ਕੱਢਦੇ ਹਨ, ਉਹ ਦਰਖ਼ਤਾਂ ਦੀ ਖ਼ੁਰਾਕ ਹੈ ਅਤੇ ਉਹਨਾਂ ਦੀ ਜਿੰਦ-ਜਾਨ ਹੈ। ਬ੍ਰਹਿਮੰਡ ਦੀਆਂ ਹੋਰਨਾਂ ਚੀਜ਼ਾਂ ਵਾਂਗ ਕੁਦਰਤ ਦੀ ਨਿਯਮਾਵਲੀ ਦਾ ਧਾਰਨੀ ਬਣ ਕੇ ਦੂਜਿਆਂ ਨੂੰ ਜੀਣ-ਥੀਣ ਵਿੱਚ ਸਹਾਇਕ ਬਣੇ ਬਿਨਾ ਮਨੁੱਖ ਕਦੀ ਵੀ ਚੈਨ ਨਾਲ ਨਹੀਂ ਜੀਅ ਸਕੇਗਾ।

ਸੰਸਾਰ ਦੀ ਉਤਪਤੀ ਤੇ ਖ਼ਾਤਮੇ ਦੀ ਹਕੀਕਤ ਸਬੰਧੀ ਵੀ ਗੁਰਮਤਿ ਦੀ ਵਿਆਖਿਆ ਸੰਸਾਰ ਦੇ ਹੋਰਨਾਂ ਸਭ ਧਰਮਾਂ ਨਾਲੋਂ ਵਧੇਰੇ ਵਿਗਿਆਨਕ ਵੀ ਹੈ ਅਤੇ ਸਾਇੰਸ ਦੀਆਂ ਖੋਜਾਂ ਦੇ ਅਨੁਕੂਲ ਵੀ। ਪੱਛਮੀ ਮੱਤਾਂ ਦੀ ਵਿਆਖਿਆ ਤਾਂ ਕਲਪਿਤ ਕਹਾਣੀਆਂ ਹੀ ਜਾਪਦੀਆਂ ਹਨ। ਈਸਾਈ ਧਰਮ ਮੁਤਾਬਕ ਰੱਬ ਨੇ ਛੇ ਦਿਨ ਵਿੱਚ ਸ੍ਰਿਸ਼ਟੀ ਸਾਜੀ ਅਤੇ ਸਤਵੇਂ ਦਿਨ ਆਰਾਮ ਕੀਤਾ। ਇਹਨਾਂ ਦੇ ਭਾਣੇ ਕਰੋੜਾਂ ਸੂਰਜਾਂ, ਕਰੋੜਾਂ ਧਰਤੀਆਂ, ਕਰੋੜਾਂ ਚੰਦ-ਤਾਰਿਆਂ ਦੇ ਵਿਸ਼ਾਲ ਬ੍ਰਹਿਮੰਡ ਦੀ ਉਤਪਤੀ ਕਰਨ ਵਾਲਾ ਰੱਬ ਜਿਵੇਂ ਕੋਈ ਥੱਕ ਜਾਣ ਵਾਲਾ ਮਨੁੱਖ ਹੀ ਹੈ। ਗੁਰੂ ਨਾਨਕ ਸਾਹਿਬ ਦੇ ਫ਼ੁਰਮਾਨ 'ਕੀਤਾ ਪਸਾਉ, ਏਕੋ ਕਵਾਉ' ਅਨੁਸਾਰ ਅਕਾਲ ਪੁਰਖ ਦੇ ਇੱਕ ਸ਼ਬਦ ਨਾਲ ਹੀ ਸਾਰਾ ਪਸਾਰਾ ਪਸਰ ਗਿਆ ਅਤੇ ਜਿਸ ਨੂੰ ਜਦੋਂ ਵੀ ਅਕਾਲ ਪੁਰਖ ਚਾਹੇ ਤਾਂ ਇੱਕ ਸ਼ਬਦ ਨਾਲ ਹੀ ਸਮੇਟ ਦੇਣ ਦੇ ਸਮਰੱਥ ਹੈ। ਸਾਇੰਸ ਦਾ 'ਬੜੇ ਧਮਾਕੇ' (big bang theory) ਦਾ ਸਿਧਾਂਤ ਗੁਰਮਤਿ ਦੇ 'ਏਕੋ ਕਵਾਉ' ਨਾਲ ਮੇਲ ਖਾਂਦਾ ਹੈ। ਸਾਇੰਸ ਸੰਸਾਰ ਦਾ ਆਦਿ ਤੇ ਅੰਤ ਮੰਨਦੀ ਹੈ। ਇਸ ਦੇ ਉਲਟ ਵੇਦਿਕ ਮੱਤ ਬ੍ਰਹਮ, ਪ੍ਰਕਿਰਤੀ ਅਤੇ ਜੀਵ-ਆਤਮਾ ਨੂੰ ਅਮਰ ਤੇ ਅਬਿਨਾਸ਼ੀ ਮੰਨਦਾ ਹੈ ਪਰ ਗੁਰਮਤਿ ਅਨੁਸਾਰ ਸੰਸਾਰ ਦਾ ਆਦਿ ਵੀ ਹੈ ਅਤੇ ਅੰਤ ਵੀ। ਪਾਰਬ੍ਰਹਮ ਨਿਰੰਕਾਰ ਹੀ ਕੇਵਲ ਅਬਿਨਾਸ਼ੀ ਹੈ ਜਿਹੜਾ ਕਿ ਸਾਰੇ ਬ੍ਰਹਿਮੰਡ ਦਾ ਕਰਤਾ ਹੈ। ਸੰਸਾਰ ਦੇ ਆਦਿ, ਅੰਤ ਤੇ ਹਕੀਕਤ ਸਬੰਧੀ ਸਾਰੇ ਧਰਮਾਂ ਨਾਲੋਂ ਗੁਰਮਤਿ ਵਿਆਖਿਆ ਹੀ ਸਾਇੰਸ ਦੀਆਂ ਖੋਜਾਂ ਅਨੁਕੂਲ ਹੈ:

ਜਾ ਤਿਸੁ ਭਾਵੈ ਤਾ ਸ੍ਰਿਸ਼ਟ ਉਪਾਏ, ਅਪਨੇ ਭਾਣੇ ਲਏ ਸਮਾਏ॥
ਆਪਨ ਖੇਲੁ ਆਪ ਕਰ ਦੇਖੇ, ਖੇਲ ਸੰਕੋਚੈ ਤਉ ਨਾਨਕ ਏਕੈ॥
(ਪੰ. 292, ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਸਾਹਿਬ ਨੇ ਇਹ ਵੀ ਚੁਣੌਤੀ ਦੇ ਰੱਖੀ ਹੈ ਕਿ ਮਨੁੱਖ ਲੱਖ ਯਤਨ ਕਰ ਲਵੇ, ਕਰੋੜ ਯਤਨ ਕਰ ਲਵੇ, ਅਰਬਾਂ-ਖਰਬਾਂ ਯਤਨ ਕਰ ਲਵੇ, ਇਸ ਬ੍ਰਹਿਮੰਡ ਦੇ ਪਸਾਰੇ ਦਾ ਅੰਤ ਪਾ ਸਕਣਾ ਇਸ ਲਈ ਅਸੰਭਵ ਹੈ। ਇਸ ਦਾ ਅੰਤ ਜਾਣਨ ਲਈ ਕਈ ਤਾਣ ਲਾਉਂਦੇ-ਲਾਉਂਦੇ ਆਪ ਖਪ ਗਏ, ਖਪ ਰਹੇ ਹਨ ਅਤੇ ਖਪਦੇ ਰਹਿਣਗੇ। ਅੱਜ ਤੱਕ ਪੰਡਿਤ, ਮੌਲਵੀ ਅਤੇ ਜੋਗੀ ਆਦਿਕ ਇਸ ਪਸਾਰੇ ਦੀ ਉਤਪਤੀ ਦਾ ਕੋਈ ਭੇਦ ਨਹੀਂ ਪਾ ਸਕਿਆ ਅਤੇ ਨਾ ਹੀ ਪਾ ਸਕਣਗੇ:

ਕਵਣੁ ਸੁ ਵੇਲਾ, ਵਖਤੁ ਕਵਣੁ, ਕਵਣ ਥਿਤਿ, ਕਵਣੁ ਵਾਰੁ॥
ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨ ਕੋਈ॥
(ਜਪੁ ਜੀ, ਗੁਰੂ ਗ੍ਰੰਥ ਸਾਹਿਬ)

ਇਵੇਂ ਹੀ ਅਜੋਕੇ ਵਿਗਿਆਨੀ ਵੀ ਗਿਣਤੀਆਂ-ਮਿਣਤੀਆਂ ਕਰ ਕੇ ਥੱਕ ਚੁੱਕੇ ਹਨ। ਇਹਨਾਂ ਦੀਆਂ ਵੀ ਕਿਆਸ-ਅਰਾਈਆਂ ਹੀ ਹਨ। ਇਹ ਤਾਂ ਕੇਵਲ ਆਪਣੀ ਧਰਤੀ ਦੇ ਆਰੰਭ ਦਾ ਭੇਦ ਵੀ ਨਹੀਂ ਪਾ ਸਕੇ ਜਦੋਂ ਕਿ ਧਰਤੀਆਂ, ਸੂਰਜ, ਅਕਾਸ਼ ਤਾਂ ਲੱਖਾਂ ਵਿੱਚ ਹੋਰ ਵੀ ਹਨ। ਗੁਰੂ ਸਾਹਿਬ ਨੇ ਉੱਪਰ ਦਿੱਤੀ ਚੁਣੌਤੀ ਦਾ ਉੱਤਰ ਵੀ ਦਿੱਤਾ ਹੈ। ਉਹ ਇਹ ਕਿ ਕੇਵਲ ਤੇ ਕੇਵਲ ਸ੍ਰਿਸ਼ਟੀ ਨੂੰ ਸਾਜਣ ਵਾਲਾ ਅਕਾਲ ਪੁਰਖ ਹੀ ਜਾਣਦਾ ਹੈ ਕਿ ਕਦੋਂ ਉਸ ਨੇ ਸਾਜੀ ਅਤੇ ਕਦੋਂ ਉਸ ਨੇ ਸਮੇਟਣੀ ਹੈ। ਗੁਰੂ ਨਾਨਕ ਸਾਹਿਬ ਦਾ 'ਆਪੇ ਜਾਣੇ ਸੋਈ' ਦਾ ਸਿਧਾਂਤਕ ਨੁਕਤਾ ਸਦੀਵਤਾ ਦਾ ਲਖਾਇਕ ਹੈ ਜਿੱਥੇ ਅੰਤ ਵਿੱਚ ਸਭ

ਖੋਜੀਆਂ, ਵਿਗਿਆਨੀਆਂ ਅਤੇ ਫਿਲਾਸਫ਼ਰਾਂ ਨੇ ਪਹੁੰਚਣਾ ਹੈ — ਬੇਸ਼ੱਕ ਲੱਖਾਂ ਸਾਲ ਭਟਕਦੇ ਰਹਿਣ, ਆਖਰ ਹਾਰ ਥੱਕ ਕੇ ਸਭ ਨੇ ਪਹੁੰਚਣਾ ਇੱਥੇ ਹੀ ਹੈ:

ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥

(ਜਪੁ ਜੀ, ਗੁਰੂ ਗ੍ਰੰਥ ਸਾਹਿਬ)

ਗੁਰੂ ਨਾਨਕ ਸਾਹਿਬ ਦੇ ਸਾਰੇ ਜੀਵਨ-ਸਿਧਾਂਤ ਇਸੇ ਕੁਦਰਤ ਦੀ ਨਿਯਮਾਵਲੀ 'ਤੇ ਆਧਾਰਤ ਹਨ। ਮੀਰ ਤੇ ਪੀਰ ਬਣ ਕੇ, ਸੰਤ ਤੇ ਸਿਪਾਹੀ ਬਣ ਕੇ, ਸੰਸਾਰਕਤਾ ਤੇ ਅਧਿਆਤਮਕਤਾ ਦਾ ਸੰਤੁਲਨ ਕਾਇਮ ਕਰ ਕੇ, ਮਨੁੱਖ ਨੂੰ ਇਸ ਬ੍ਰਹਿਮੰਡ ਵਿੱਚ ਆਪਣਾ ਨਿਸਚਿਤ ਯੋਗਦਾਨ ਪਾਉਣਾ ਸਿਖਾਉਣ ਵਾਲੇ ਸਿਧਾਂਤ ਹਨ। 'ਏਕ ਪਿਤਾ ਏਕਸ ਕੇ ਹਮ ਬਾਰਿਕ' (Fatherhood of God and brotherhood of men) ਅਨੁਸਾਰ ਸਾਨੂੰ ਭਰਾ-ਭਰਾ ਬਣਨਾ ਸਿਖਾਉਣ ਵਾਲੇ ਸਿਧਾਂਤ ਹਨ, 'ਸਭੇ ਸਾਝੀਵਾਲ ਸਦਾਇਨਿ' ਦੇ ਧਾਰਨੀ ਬਣ ਕੇ ਸਭ ਨਾਲ ਸਾਂਝਾਂ ਪਾਉਣੀਆਂ ਸਿਖਾਉਣ ਵਾਲੇ ਸਿਧਾਂਤ ਹਨ, 'ਜਿਥੇ ਜਾਇ ਬਹੀਐ ਭਲਾ ਕਹੀਐ' ਦੇ ਆਦੇਸ਼ ਰਾਹੀਂ ਸਭ ਲਈ ਸਦਭਾਵਨਾ ਸਿਖਾਉਣ ਵਾਲੇ ਸਿਧਾਂਤ ਹਨ ਅਤੇ 'ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ' ਜਿਹੇ ਕਰੜੇ ਸ਼ਬਦਾਂ ਨਾਲ ਕਿਸੇ ਦਾ ਹੱਕ ਨਾ ਮਾਰਨਾ ਸਿਖਾਉਣ ਵਾਲੇ ਸਿਧਾਂਤ ਹਨ। "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ" ਅਨੁਸਾਰ ਨਸਲੀ ਵਿਤਕਰਿਆਂ ਦਾ ਖੰਡਨ ਕਰਨਾ ਸਿਖਾਉਣ ਵਾਲੇ ਵਿਗਿਆਨਕ ਸਿਧਾਂਤ ਹਨ, 'ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮ ਜੇਤਾ ਕਿਛੁ ਖਾਇ॥' ਅਨੁਸਾਰ ਸਵੈਮਾਣ ਤੇ ਅਣਖ ਨਾਲ ਜੀਊਣਾ ਸਿਖਾਉਣ ਵਾਲੇ ਸਿਧਾਂਤ ਹਨ, 'ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨਾ ਕੀਜੈ' ਮੁਤਾਬਕ ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਲਈ ਕੁਰਬਾਨੀ ਦੇਣੀ ਸਿਖਾਉਣ ਵਾਲੇ ਸਿਧਾਂਤ ਹਨ। 'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ' ਅਨੁਸਾਰ ਸਰਬੱਤ (ਸਾਰੀ ਲੋਕਾਈ) ਦਾ ਭਲਾ ਮੰਗਣਾ ਤੇ ਕਰਨਾ ਸਿਖਾਉਣ ਵਾਲੇ ਕੁਦਰਤ ਦੇ ਨੇਮਾਂ ਨਾਲ ਮੇਲ ਖਾਂਦੇ ਸਿਧਾਂਤ ਹਨ। ਅਜੋਕੀ ਰੈੱਡ ਕਰਾਸ ਕੁਦਰਤੀ ਆਫ਼ਤ ਵੇਲੇ ਜਾਂ ਲੜਾਈ ਵਿੱਚ ਹੋਏ ਜ਼ਖ਼ਮੀਆਂ ਜਾਂ ਕੈਦੀਆਂ ਦੀ ਸੇਵਾ ਕਰਦੀ ਹੈ ਪਰ ਰੈੱਡ ਕਰਾਸ ਦੇ ਕਰਮਚਾਰੀ ਤੀਜੀ ਧਿਰ ਹਨ, ਭਾਵ ਇਹ ਲੜਨ ਵਾਲਿਆਂ ਵਿੱਚੋਂ ਨਹੀਂ ਹਨ। ਗੁਰਮਤਿ-ਸਿਧਾਂਤਾਂ 'ਤੇ ਆਧਾਰਤ ਰੈੱਡ ਕਰਾਸ ਤਾਂ ਆਪਣੇ ਦੁਸ਼ਮਣ ਦੇ ਫੱਟੜ ਸਿਪਾਹੀਆਂ ਦੀ ਵੀ ਮਰ੍ਹਮ-ਪੱਟੀ ਕਰਨਾ ਸਿਖਾਉਂਦੀ ਹੈ।

ਅੱਜ ਦੇ ਪਦਾਰਥਵਾਦੀ ਸਮਾਜ ਅੰਦਰ ਸੁਆਰਥੀ ਰੁਚੀ ਦਾ ਬੋਲਬਾਲਾ ਹੈ। ਸਾਰੀ ਮਨੁੱਖਤਾ ਸੁਆਰਥ ਦੀ ਅੰਨ੍ਹੀ ਦੌੜ ਵਿੱਚ ਭਟਕ ਰਹੀ ਹੈ। ਅੱਜ ਦੇ ਬਲਦੇ-ਸੜਦੇ ਸੰਸਾਰ ਲਈ ਜੇ ਕੋਈ ਆਸ ਦੀ ਕਿਰਨ ਹੈ ਤਾਂ ਕੇਵਲ ਗੁਰਮਤਿ ਦੇ ਸਿਧਾਂਤ ਹੀ ਹਨ, ਜੋ ਅੱਜ ਦੇ ਮਨੁੱਖ ਨੂੰ ਇੱਕ ਆਦਰਸ਼ਕ ਜੀਵਨ ਜੀਊਣ ਦੀ ਸੇਧ ਦੇ ਸਕਦੇ ਹਨ। ਇਹ ਸਮੇਂ ਦੀ ਮੰਗ ਹੈ ਕਿ ਅਸੀਂ ਕੌਮ ਦੇ ਲੱਖਾਂ ਪੌਂਡ ਤੇ ਡਾਲਰ ਬਿਲਡਿੰਗਾਂ ਦੇ ਸੰਗਮਰਮਰਾਂ 'ਤੇ ਥੱਪਣ ਜਾਂ ਸੋਨੇ ਦੀਆਂ ਪਾਲਕੀਆਂ 'ਤੇ ਲਾਉਣ ਨਾਲੋਂ ਗੁਰਮਤਿ ਸਿਧਾਂਤਾਂ ਦੀ ਖੋਜ 'ਤੇ ਲਾਈਏ ਅਤੇ ਗਰਮ ਤੇ ਠੰਢੇ ਰੁਮਾਲਿਆਂ ਥੱਲੇ ਢੱਕ ਕੇ ਰੱਖੇ ਗੁਰਮਤਿ ਦੇ ਮਹਾਨ ਸਿਧਾਂਤਾਂ ਨੂੰ ਮਨੁੱਖਤਾ ਸਾਹਮਣੇ ਰੱਖੀਏ ਤਾਂ ਜੋ ਸੰਸਾਰ ਵਿੱਚ ਅਮਨ ਤੇ ਸ਼ਾਂਤੀ ਦਾ ਮਾਹੌਲ ਪੈਦਾ ਹੋਵੇ। ਅਜਿਹੇ ਮਹਾਨ ਵਿਗਿਆਨਕ ਸਿਧਾਂਤ ਹੀ ਅੱਜ ਦੀ ਮਨੁੱਖਤਾ ਨੂੰ ਗਾਡੀ ਰਾਹ ਵਿਖਾ ਸਕਣ ਦੇ ਸਮਰੱਥ ਹਨ।

ਗੁਰੂ ਨਾਨਕ ਸਾਹਿਬ ਦੇ ਸਾਰੇ ਜੀਵਨ-ਸਿਧਾਂਤ ਨਾ ਕੇਵਲ ਅਜੋਕੇ ਸਾਇੰਸੀ ਯੁੱਗ ਤੇ ਆਉਣ ਵਾਲੇ ਸਪੇਸ ਯੁੱਗ ਦੇ ਮਾਪ-ਤੋਲ 'ਤੇ ਪੂਰੇ ਉੱਤਰਦੇ ਹਨ, ਸਗੋਂ ਕੁਦਰਤ ਦੀ ਸਦੀਵੀ ਨਿਯਮਾਵਲੀ ਨਾਲ ਵੀ ਮੇਲ ਖਾਂਦੇ ਹਨ। ਜਦ ਤੱਕ ਅਕਾਲ ਪੁਰਖ ਦੇ ਹੁਕਮ ਨਾਲ ਇਹ ਬ੍ਰਹਿਮੰਡ ਕਾਇਮ ਹੈ, ਉਦੋਂ ਤੱਕ ਯੁੱਗ ਪੁਰਸ਼ ਗੁਰੂ ਨਾਨਕ ਸਾਹਿਬ ਦੇ ਸਦੀਵੀ ਸਿਧਾਂਤ ਜੁਗਾਂ-ਜੁਗਾਂਤਰਾਂ ਤੀਕ ਮਨੁੱਖਤਾ ਲਈ ਚਾਨਣ ਮੁਨਾਰਾ ਬਣੇ ਰਹਿਣਗੇ ਜਿਨ੍ਹਾਂ ਤੋਂ ਆਉਣ ਵਾਲੀਆਂ ਮਨੁੱਖੀ ਨਸਲਾਂ ਦੇ ਦਾਰਸ਼ਨਿਕ, ਰੂਹਾਨੀ ਖੋਜੀ, ਸਾਹਿਤਕਾਰ, ਵਿਚਾਰਵਾਨ ਅਤੇ ਸਾਇੰਸਵੇਤਾ ਸਦੀਵੀ ਸੇਧਾਂ ਲੈਂਦੇ ਰਹਿਣਗੇ। ਗੁਰਮਤਿ ਨੇ ਵਿਗਿਆਨ ਸਬੰਧੀ ਜੋ ਅਨੁਭਵ ਦਿੱਤਾ ਹੈ, ਉੱਥੋਂ ਤੱਕ ਪਹੁੰਚਣ ਲਈ ਸਾਇੰਸਦਾਨਾਂ ਨੂੰ ਹਜ਼ਾਰਾਂ ਸਾਲ ਲੱਗਣਗੇ।

*****

## ਗੁਰੂ ਅਤੇ ਗੁਰ ਪੁਰਬ

ਅਮਰਜੀਤ ਸਿੰਘ ਚੰਦੀ

ਗੁਰ-ਪੁਰਬ ਦਾ ਅਰਥ ਹੈ ਗੁਰੂ ਨਾਲ ਸਬੰਧਤ ਦਿਹਾੜਾ। ਸਿੱਖ ਧਰਮ ਦੀ ਵਿਲੱਖਣਤਾ ਹੈ ਕਿ ਇਸ ਦਾ ਗੁਰੂ, ਸ਼ਬਦ ਗੁਰੂ ਸਦੀਵੀ ਗੁਰੂ ਹੈ, ਧੁਰ ਤੋਂ ਸੀ, ਅੱਜ ਵੀ ਹੈ ਅਤੇ ਭਵਿੱਖ ਵਿੱਚ ਵੀ ਸਦੀਵੀ ਕਾਇਮ ਰਹਿਣ ਵਾਲਾ ਹੈ। ਇਸੇ ਆਧਾਰ 'ਤੇ ਹੀ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ, ਨੂੰ ਜੁਗੋ ਜੁਗ ਅਟੱਲ ਕਿਹਾ ਜਾਂਦਾ ਹੈ। ਇਸ ਸ਼ਬਦ ਗੁਰੂ ਦੀ ਅਕਾਲ ਪੁਰਖ ਵੱਲੋਂ ਬਾਬੇ ਨਾਨਕ ਨੂੰ ਬਖ਼ਸ਼ਿਸ਼ ਹੋਈ ਤਾਂ ਬਾਬਾ ਨਾਨਕ ਗੁਰੂ ਨਾਨਕ ਹੋ ਗਿਆ; ਉਸ ਵਿੱਚ ਅਤੇ ਪਾਰਬ੍ਰਹਮ ਵਿੱਚ ਕੋਈ ਭੇਦ ਨਾ ਰਹਿ ਗਿਆ।

"ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥"

(ਪੰ. 1387)

ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਗੋਸ਼ਟ ਵਿੱਚ ਸ਼ਪਸ਼ਟ ਕੀਤਾ ਹੈ : "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" (ਪੰ. 943) ਸੋ ਸਿੱਖਾਂ ਦੀ ਸ਼ਬਦ ਨਾਲ ਸਾਂਝ ਗੁਰੂ ਨਾਨਕ ਸਾਹਿਬ ਦੀ ਮਾਰਫਤ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਵੇਲੇ ਤੋਂ ਸ਼ੁਰੂ ਹੁੰਦੀ ਹੈ।

ਇੱਥੇ ਵਿਚਾਰਯੋਗ ਗੱਲ ਹੈ ਕਿ ਸ਼ਬਦ ਗਿਆਨ ਹੈ, ਚਾਨਣ

ਹੈ, ਰੌਸ਼ਨੀ ਹੈ, ਜੋਤ ਹੈ ਪਰ ਸਰੀਰ ਨਹੀਂ ਹੈ। ਸਾਡੀ ਤ੍ਰਾਸਦੀ ਹੈ ਕਿ ਸਿੱਖਾਂ ਨੇ ਸ਼ਬਦ ਦੇ ਗਿਆਨ ਨੂੰ, ਚਾਨਣ ਨੂੰ ਮਾਨਤਾ ਨਹੀਂ ਦਿੱਤੀ। ਅਸੀਂ ਉਨ੍ਹਾਂ ਸਰੀਰਾਂ ਨੂੰ ਹੀ ਮਾਨਤਾ ਦਿੱਤੀ, ਜਿਨ੍ਹਾਂ ਰਾਹੀਂ ਅਸੀਂ ਉਸ ਸ਼ਬਦ ਰੂਪੀ ਗਿਆਨ ਦੇ ਰੂਬਰੂ ਹੋਏ। ਇੱਥੋਂ ਹੀ ਅਸੀਂ ਗ਼ਲਤ ਪਾਸੇ ਪਏ ਅਤੇ ਅੱਜ ਤੱਕ ਪਿੱਛੇ ਮੁੜ ਕੇ ਨਹੀਂ ਵੇਖਿਆ। ਗੁਰੂ ਸਾਹਿਬ ਸਾਨੂੰ ਸੰਦੇਸ਼ ਦਿੰਦੇ ਰਹੇ: "ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥ ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ॥5॥(ਪੰ. 1407)" ਅਤੇ "ਗੁਰਿ ਨਾਨਕਿ ਅੰਗਦੁ ਵਰਉ ਗੁਰਿ ਅੰਗਦਿ ਅਮਰ ਨਿਧਾਨੁ ॥ ਗੁਰਿ ਰਾਮਦਾਸ ਅਰਜੁਨੁ ਵਰਉ ਪਾਰਸੁ ਪਰਸੁ ਪ੍ਰਮਾਣੁ ॥4॥ (ਪੰ. 1407)" ਅਤੇ "ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥ (ਪੰ. 1408)" ਪਰ ਅਸੀਂ ਨਹੀਂ ਮੰਨਿਆ। ਅਸੀਂ ਸ਼ਬਦ ਗੁਰੂ ਦੇ ਆਧਾਰ 'ਤੇ ਇੱਕ ਗੁਰੂ ਨੂੰ ਨਕਾਰਦੇ ਹੋਏ, ਸਰੀਰਾਂ ਦੇ ਆਧਾਰ 'ਤੇ ਦਸ ਗੁਰੂ ਬਣਾ ਲਏ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇੱਕੋ ਨਾਨਕ ਛਾਪ ਦੇ ਭੇਦ ਨੂੰ ਸਮਝਣ ਦੀ ਲੋੜ ਨਹੀਂ ਸਮਝੀ। ਪਹਿਲਾਂ ਅਸੀਂ ਇੱਕ ਜੋਤ, ਗਿਆਨ ਨੂੰ ਦਸ ਸਰੀਰਾਂ ਦੇ ਆਧਾਰ 'ਤੇ ਦਸ ਗੁਰੂ ਬਣਾ ਲਏ, ਫਿਰ ਹਰ ਇੱਕ ਦੀ ਅਲੱਗ-ਅਲੱਗ ਮਹਿਮਾ ਗਾਉਂਦੇ ਹੋਏ ਹਿੰਦੂਵਾਦ ਤੇ ਬਹੁ-ਦੇਵ-ਪੂਜਾ ਦੇ ਸਿਧਾਂਤ ਵਿੱਚ ਅਜੇਹੇ ਫਸੇ ਕਿ ਇੱਕ ਦੀ ਪੂਜਾ ਹੀ ਭੁੱਲ ਗਏ; ਅਲੱਗ-ਅਲੱਗ ਗੁਰਦੁਆਰਿਆਂ ਵਿੱਚ ਅਲੱਗ-ਅਲੱਗ ਗੁਰੂ ਦੀ ਪੂਜਾ- ਅਰਚਨਾ ਹੋਣ ਲੱਗੀ। ਸਾਡੇ ਅਨੁਸਾਰ ਦਸੇ ਗੁਰੂ ਆਪਣੇ-ਆਪਣੇ ਥਾਂ ਸਰਬ-ਸਮਰੱਥ ਸਨ; ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਗੁਰੂ ਨਾਨਕ ਰੂਪੀ ਗਿਆਨ-ਜੋਤ ਦੀ ਲੋੜ ਨਹੀਂ ਸੀ; ਹਰ ਗੁਰੂ ਨੂੰ ਜਨਮ ਤੋਂ ਹੀ ਮਹਾਨ, ਸਮਰੱਥ ਮੰਨ ਲਿਆ ਗਿਆ। ਇੱਥੋਂ ਤੱਕ ਕਿ ਛੇਵੇਂ, ਅੱਠਵੇਂ ਅਤੇ ਦਸਵੇਂ ਨਾਨਕ ਨੂੰ ਤਾਂ ਬਿਲਕੁਲ ਹੀ ਨਾਨਕ ਜੋਤ ਤੋਂ ਅਲੱਗ ਮਿਥਿਆ ਜਾ ਰਿਹਾ ਹੈ। ਦਸਵੇਂ ਨਾਨਕ ਨੂੰ ਤਾਂ ਬਾਬੇ ਨਾਨਕ ਦੇ ਮੁਕਾਬਲੇ 'ਤੇ ਹੀ ਨਹੀਂ, ਉਸ ਤੋਂ ਵੀ ਵੱਧ ਸਮਰੱਥਾ ਵਾਲਾ ਦਰਸਾਉਣ ਦੀ ਕੁਚੇਸ਼ਟਾ ਹੋ ਰਹੀ ਹੈ। ਕੋਈ ਕਹਿੰਦਾ ਹੈ, "ਮੈਂ ਤਾਂ ਗੁਰੂ ਨਾਨਕ ਦਾ ਸਿੱਖ ਹਾਂ" ਅਤੇ ਕੋਈ ਕਹਿੰਦਾ ਹੈ, "ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਹਾਂ।" ਗੱਲ ਸਿਰਫ਼ ਆਪਣੀ ਕਮਜ਼ੋਰੀ ਦੀ ਹੈ ਜਿਸ ਨੂੰ ਇਨ੍ਹਾਂ ਲਫ਼ਜਾਂ ਦੀ ਆੜ ਵਿੱਚ ਲੁਕੋਇਆ ਜਾ ਰਿਹਾ ਹੁੰਦਾ ਹੈ। ਇੱਕ ਤਾਂ ਚਾਹੁੰਦਾ ਹੈ ਕਿ ਮੈਨੂੰ ਖੰਡੇ-ਬਾਟੇ ਦੀ ਪਾਹੁਲ ਨਾ ਛਕਣੀ ਪਵੇ ਅਤੇ ਮੈਂ ਇਵੇਂ ਹੀ, ਵਿਖਾਵੇ ਆਸਰੇ ਹੀ ਸਿੱਖਾਂ ਵਿੱਚ ਸਤਿਕਾਰ ਯੋਗ ਹੀ ਨਹੀਂ ਸਗੋਂ ਪੂਜਣ ਯੋਗ ਬਣਿਆ ਰਹਾਂ ਅਤੇ ਦੂਸਰਾ ਚਾਹੁੰਦਾ ਹੈ ਕਿ ਇਵੇਂ ਹੀ ਮਾਰ-ਧਾੜ ਕਰਦਾ, ਦੂਸਰਿਆਂ ਦਾ ਹੱਕ ਮਾਰਦਾ ਵੀ ਮੈਂ ਮਾਣ ਯੋਗ ਬਣਿਆ ਰਹਾਂ; ਮੇਰੇ 'ਤੇ ਕੋਈ ਪਾਬੰਦੀ ਲਾਗੂ ਨਾ ਹੋਵੇ, ਕਿਸੇ ਸਿਧਾਂਤ ਵਿੱਚ ਨਾ ਬੱਝਣਾ ਪਵੇ। ਇਤਿਹਾਸਕ ਗੁਰਦੁਆਰਿਆਂ ਵਿੱਚ ਕਿਤੇ ਗੁਰੂ ਰਾਮਦਾਸ ਜੀ ਨੂੰ ਸੰਬੋਧਤ ਅਰਦਾਸ ਹੋ ਰਹੀ ਹੁੰਦੀ ਹੈ ਕਿਤੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ, ਕਿਤੇ ਗੁਰੂ ਅਰਜਨ ਸਾਹਿਬ ਨੂੰ, ਕਿਤੇ ਗੁਰੂ ਤੇਗ ਬਹਾਦਰ ਜੀ ਨੂੰ ਅਤੇ ਕਿਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਬੋਧਤ ਅਰਦਾਸ ਹੋ ਰਹੀ ਹੁੰਦੀ ਹੈ। ਕੀ ਇਹ ਸਭ ਸਿੱਖੀ-ਸਿਧਾਂਤਾਂ ਅਨੁਸਾਰ ਹੈ? ਪਰ ਸਾਨੂੰ ਸਿੱਖੀ ਦੀ ਭੁੱਖ ਕਿੱਥੇ ਹੈ; ਸਾਨੂੰ ਤਾਂ ਚੌਧਰ ਦੀ ਭੁੱਖ ਹੈ ਅਤੇ ਚੌਧਰ ਦਾ ਦਾਅ ਵਖਰੇਵੇਂ ਵਿੱਚੋਂ ਹੀ ਲੱਗਦਾ ਹੈ। ਇਸੇ ਲਈ ਸਿੱਖਾਂ ਵਿੱਚ ਹਰ ਚੜ੍ਹਦੇ ਸੂਰਜ ਨਵਾਂ ਵਖਰੇਵਾਂ ਪੈਦਾ ਕੀਤਾ ਜਾ ਰਿਹਾ ਹੈ। ਸਾਨੂੰ ਸ਼ਬਦ ਗੁਰੂ ਦੇ ਸਿਧਾਂਤ ਨੂੰ ਸਮਝਣ ਦੀ ਲੋੜ ਹੈ ਪਰ ਅਸੀਂ ਤਾਂ ਸਰੀਰਾਂ ਦੇ ਆਧਾਰ 'ਤੇ ਜੋ ਇਤਿਹਾਸ ਰਚ ਲਿਆ ਹੈ ਅਤੇ ਰਚੀ ਜਾ ਰਹੇ ਹਾਂ, ਉਹੀ ਸਾਨੂੰ ਭਾਉਂਦਾ ਹੈ, ਅਸੀਂ ਤਾਂ ਇਸੇ ਵਿੱਚ ਮਸਤ ਹਾਂ। ਇਹ ਸਾਬਤ ਕਰਨ ਲਈ ਕਿ ਗੁਰੂ ਗੋਬਿੰਦ ਸਿੰਘ ਜੀ ਬਾਬੇ ਨਾਨਕ ਨਾਲੋਂ ਜ਼ਿਆਦਾ ਸਮਰੱਥ ਸਨ, ਗੁਰੂ ਗੋਬਿੰਦ ਸਿੰਘ ਜੀ ਦੇ ਸਰੀਰ ਨੂੰ ਹੀ ਨਹੀਂ ਘੋੜੇ ਅਤੇ ਬਾਜ ਨੂੰ ਵੀ ਸਰੀਰ ਸਮੇਤ ਸੱਚ ਖੰਡ ਭੇਜ ਦਿੱਤਾ। ਪਤਾ ਨਹੀਂ ਕਹਾਣੀ-ਘਾੜਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਲਈ ਅਖੌਤੀ ਸੱਚ ਖੰਡ ਵਿੱਚ ਘੋੜੇ ਅਤੇ ਬਾਜ ਦੀ ਕੀ ਲੋੜ ਭਾਸਰੀ? ਅਸੀਂ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਪਿਛਲੇ ਕਲਪਤ ਜੀਵਨ ਨਾਲ ਸਬੰਧਤ ਯਾਦਗਾਰਾਂ ਵੀ ਬਣਾ ਧਰੀਆਂ ਹਨ। ਆਉ, ਆਪਣੇ ਮੰਤਵ ਵੱਲ ਪਰਤੀਏ।

ਸਾਡਾ ਗੁਰੂ ਸ਼ਬਦ (ਗਿਆਨ) ਸੀ, ਅੱਜ ਵੀ ਹੈ ਅਤੇ ਹਮੇਸ਼ਾਂ ਰਹੇਗਾ। ਇਹ ਸ਼ਬਦ ਸਾਨੂੰ ਜਿਨ੍ਹਾਂ ਸਰੀਰਾਂ ਰਾਹੀਂ ਪ੍ਰਾਪਤ ਹੋਇਆ ਸੀ, ਉਨ੍ਹਾਂ ਨਾਲ ਸਬੰਧਤ ਦਿਹਾੜੇ ਗੁਰਪੁਰਬ ਕਹੇ ਜਾ ਸਕਦੇ ਹਨ ਜਿਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦਾ ਆਗਮਨ ਪੁਰਬ, ਗੁਰੂ ਅੰਗਦ ਸਾਹਿਬ ਦਾ ਪ੍ਰਕਾਸ਼ ਦਿਵਸ਼ (ਗੁਰ ਗੱਦੀ ਪੁਰਬ) ਅਤੇ ਗੁਰੂ ਨਾਨਕ ਸਾਹਿਬ ਦਾ ਬ੍ਰਹਮ ਲੀਨ ਦਿਵਸ ਸ਼ਾਮਲ ਹਨ ਪਰ ਅਸੀਂ ਮਨਾ ਰਹੇ ਹਾਂ ਗੁਰੂ ਅੰਗਦ ਸਾਹਿਬ ਦਾ ਪ੍ਰਕਾਸ਼ ਪੁਰਬ (ਜਨਮ ਦਿਹਾੜਾ) ਜਦ ਕਿ ਗੁਰੂ ਅੰਗਦ ਜੀ ਉਸ ਵੇਲੇ ਗੁਰੂ ਨਹੀਂ ਸਨ। ਜੇਕਰ ਅਸੀਂ ਉਸ ਦਿਹਾੜੇ ਨੂੰ ਹੀ ਗੁਰੂ ਅੰਗਦ ਸਾਹਿਬ ਦਾ ਪ੍ਰਕਾਸ਼ ਪੁਰਬ ਮੰਨਦੇ ਹਾਂ ਤਾਂ ਗੁਰੂ ਨਾਨਕ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਭਾਈ ਲਹਿਣਾ ਜੀ ਦੀਆਂ ਜੋ ਮਾਨਤਾਵਾਂ ਸਨ ਉਨ੍ਹਾਂ ਨੂੰ ਵੀ ਮਾਨਤਾ ਦੇਣੀ ਪਵੇਗੀ ਪਰ ਗੱਲ ਸਰੀਰ ਦੀ ਨਹੀਂ ਸ਼ਬਦ ਦੇ ਗਿਆਨ ਦੀ ਹੈ ਅਤੇ ਜਦ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਜੀ ਬਣਾ ਕੇ ਉਨ੍ਹਾਂ ਨੂੰ ਸ਼ਬਦ-ਗਿਆਨ ਦਾ ਅਧਿਕਾਰੀ ਬਣਾ ਦਿੱਤਾ, ਉਹ ਦਿਹਾੜਾ ਉਨ੍ਹਾਂ ਦਾ ਪ੍ਰਕਾਸ਼ ਦਿਹਾੜਾ ਸੀ। ਇਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਦਾ ਪ੍ਰਕਾਸ਼ ਦਿਹਾੜਾ (ਗੁਰਗੱਦੀ ਦਿਵਸ) ਅਤੇ ਗੁਰੂ ਅੰਗਦ ਸਾਹਿਬ ਦਾ ਬ੍ਰਹਮ ਲੀਨ ਦਿਵਸ, ਗੁਰੂ

ਰਾਮ ਦਾਸ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ, ਗੁਰੂ ਅਮਰਦਾਸ ਜੀ ਦਾ ਗੁਰ ਗੱਦੀ ਦਿਵਸ, ਗੁਰੂ ਅਜਰਨ ਪਾਤਸ਼ਾਹ ਦਾ ਸ਼ਹੀਦੀ ਦਿਵਸ, ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼ ਦਿਵਸ, ਗੁਰੂ ਹਰਿ ਗੋਬਿੰਦ ਸਾਹਿਬ ਦਾ ਬ੍ਰਹਮ ਲੀਨ ਦਿਵਸ, ਇਵੇਂ ਹੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਗੁਰ ਗੱਦੀ ਦਿਵਸ ਅਤੇ ਗੁਰੂ ਹਰਿ ਰਾਇ ਸਾਹਿਬ ਦਾ ਬ੍ਰਹਮ ਲੀਨ ਦਿਵਸ, ਇਵੇਂ ਹੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਦਿਵਸ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦੀ ਬ੍ਰਹਮ ਲੀਨ ਦਿਵਸ, ਗੁਰੂ ਗੋਬਿੰਦ ਸਿੰਘ ਜੀ ਦਾ ਗੁਰ ਗੱਦੀ ਦਿਵਸ ਅਤੇ ਗੁਰੂ ਤੇਗ ਬਹਾਦਰ ਜੀ ਦਾ ਬ੍ਰਹਮ ਲੀਨ ਦਿਵਸ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰ ਗੱਦੀ ਦਿਵਸ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਬ੍ਰਹਮ ਲੀਨ ਦਿਵਸ ਹੀ ਮੰਨਣਯੋਗ ਹਨ।

ਇਹ ਸਾਰੇ ਵੀ ਤਾਂ ਹੀ ਗੁਰਪੁਰਬ ਗਿਣੇ ਜਾ ਸਕਦੇ ਹਨ ਜੇਕਰ ਅਸੀਂ ਸਰੀਰਾਂ ਦੀ ਗੱਲ ਕਰੀਏ। ਅਸੀਂ ਤਾਂ ਇਸ ਤੋਂ ਬਹੁਤ ਸਾਰੇ ਵੱਧ ਗੁਰਪੁਰਬ ਬੜੀ ਸ਼ਾਨ ਨਾਲ ਮਨਾਉਂਦੇ ਹਾਂ ਜਦ ਕਿ ਉਨ੍ਹਾਂ ਦਿਹਾੜਿਆਂ ਦਾ ਗੁਰੂ-ਕਾਲ ਨਾਲ ਕੋਈ ਸੰਬੰਧ ਨਹੀਂ ਹੈ।

ਹੁਣ ਆਉ, ਗੁਰੂ ਸਾਹਿਬ ਦੀ ਸਿੱਖਿਆ ਅਨੁਸਾਰ ਵੀਚਾਰ ਕਰ ਵੇਖੀਏ। ਗੁਰੂ ਸਾਹਿਬ ਕਹਿੰਦੇ ਹਨ "ਜੋਤ ਓਹਾ ਜੁਗਤ ਸਾਈ ਸਹਿ ਕਾਇਆ ਫੇਰ ਪਲਟੀਐ॥" ਜੇਕਰ ਅਸੀਂ ਇੱਕੋ ਰੂਪ ਕਰ ਕੇ ਮੰਨੀਏ (ਗੁਰੂ ਹੁਕਮ ਅਨੁਸਾਰ) ਤਾਂ ਸਾਡੇ ਦਸ ਹੀ ਗੁਰਪੁਰਬ ਬਣਦੇ ਹਨ। ਇੱਕ ਜਦੋਂ ਅਕਾਲ ਪੁਰਖ ਵੱਲੋਂ ਬਖ਼ਸ਼ਿਸ਼ ਹੋਇਆ ਸ਼ਬਦ-ਗਿਆਨ, ਗੁਰੂ ਨਾਨਕ ਰਾਹੀਂ ਸਾਡੇ ਰੂ-ਬ-ਰੂ ਹੋਇਆ ਅਤੇ ਦੂਸਰਾ ਜਦ ਗੁਰੂ ਨਾਨਕ ਸਾਹਿਬ ਨੇ ਉਸੇ ਸ਼ਬਦ- ਗਿਆਨ ਨੂੰ ਸਾਕਾਰ ਰੂਪ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਦੀਵੀ ਗੁਰੂ ਸਥਾਪਤ ਕਰ ਦਿੱਤਾ। ਇਸ ਹਿਸਾਬ ਬਾਕੀ ਸਭ ਦਿਹਾੜੇ ਇਤਿਹਾਸਕ ਦਿਹਾੜੇ ਹੋ ਜਾਂਦੇ ਹਨ, ਗੁਰ ਪੁਰਬ ਨਹੀਂ। ਪਰ ਸਾਡੀ ਵਿਡੰਬਣਾ ਦੇਖੋ! ਅਸੀਂ ਇਨ੍ਹਾਂ ਦੋਵਾਂ ਗੁਰਪੁਰਬਾਂ ਨੂੰ ਹੀ ਸਭ ਤੋਂ ਜ਼ਿਆਦਾ ਅਣਗੌਲਿਆਂ ਕੀਤਾ ਹੈ। ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ, ਜੋ ਕਿ ਵੈਸਾਖ ਵਿੱਚ ਹੈ, ਅਸੀਂ ਬਿਲਕੁਲ ਹੀ ਨਹੀਂ ਮਨਾਉਂਦੇ। ਅਸੀਂ ਮਨਾਉਂਦੇ ਹਾਂ ਕੱਤਕ ਦੀ ਪੂਰਨਮਾਸ਼ੀ ਦਾ ਗੰਗਾ ਇਸ਼ਨਾਨ ਦਾ ਫੋਕਟ-ਕਰਮੀ ਦਿਹਾੜਾ, ਬੋਤਲ ਵਿਚਲੇ ਗੰਗਾ ਜਲ ਨੂੰ ਉੱਪਰ ਲੇਬਲ ਗੁਰੂ ਨਾਨਕ ਦੀ ਫੋਟੋ ਦਾ ਲਗਾ ਕੇ ਜ਼ਬਰਦਸਤੀ ਸਿੱਖੀ ਦੇ ਗਲ਼ ਪਾਈ ਜਾ ਰਹੇ ਹਾਂ। ਦੂਸਰਾ, ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ (ਗੁਰੂ-ਗੱਦੀ ਦਿਵਸ) ਵੀ ਅਸੀਂ ਨਾਂਹ ਦੇ ਬਰਾਬਰ ਹੀ ਮਨਾਉਂਦੇ ਹਾਂ। ਅਸੀਂ ਮਨਾਉਂਦੇ ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਉਸ ਦਿਨ ਦਾ, ਜਿਸ ਦਿਨ ਅਜੇ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨ ਵੀ ਨਹੀਂ ਹੋਏ ਸਨ ਅਤੇ ਗੁਰ ਗੱਦੀ ਦੀ ਬਖ਼ਸ਼ਿਸ਼ ਵੀ ਨਹੀਂ ਹੋਈ ਸੀ।

ਸੋ ਆਉ, ਭੁੱਲਾਂ ਨੂੰ ਸੁਧਾਰਦੇ ਹੋਏ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਵੈਸਾਖ ਵਿੱਚ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਕਤੂਬਰ ਵਿੱਚ ਅਜੇਹੇ ਢੰਗ ਨਾਲ ਮਨਾਈਏ ਜਿਸ ਵਿੱਚ ਧੂਮ-ਧਾਮ ਦੀ ਚਕਾਚੌਂਧ ਨਾ ਹੋ ਕੇ ਗਿਆਨ-ਪ੍ਰਕਾਸ਼ ਦਾ ਸੁਖਾਵਾਂ ਚਾਨਣ ਸਭ ਪਾਸੇ ਖਿਲਾਰਦੇ ਹੋਏ ਇੱਕ ਸ਼ਬਦ-ਗੁਰੂ ਦਾ ਸਿਧਾਂਤ ਉਜਾਗਰ ਹੋਵੇ। ਇਸ ਨਾਲ ਇੱਕ ਤਾਂ ਸਿੱਖਾਂ ਨੂੰ ਹੀ ਨਹੀਂ, ਸਾਰੀ ਦੁਨੀਆਂ ਨੂੰ ਸਹਿਜੇ ਹੀ ਸਿੱਖੀ-ਸਿਧਾਂਤ ਦੀ ਸੋਝੀ ਹੋਵੇਗੀ ਅਤੇ ਦੂਸਰਾ ਅਸੀਂ ਦਸਾਂ ਗੁਰੂਆਂ ਨੂੰ ਵੱਖ-ਵੱਖ ਜਾਣਨ ਨਾਲ ਪੈਂਦੇ ਸਿੱਖੀ ਦੇ ਵਖਰੇਵੇਂ ਤੋਂ ਬਚਦੇ ਹੋਏ ਇੱਕੋ ਸ਼ਬਦ-ਗੁਰੂ ਦੇ ਸਿਧਾਂਤ ਨਾਲ ਜੁੜਾਂਗੇ।

*****

## ਭਾਗ ਸਿੰਘ ਨੂੰ ਛੇਕਣ ਵਿੱਚ 'ਮਸਕੀਨ' ਦੀ ਮੀਣੀ ਚਾਲ

**ਸਿੰਘ ਸਾਹਿਬਾਨ ਦਾ ਫ਼ਤਵਾ:** ਚੂੰਕਿ ਪੰਥ ਵਿੱਚ ਸਾਰੇ 'ਦਸਮ ਗ੍ਰੰਥ' ਨੂੰ ਗੁਰੂ ਜੀ ਦੀ ਕ੍ਰਿਤ ਮੰਨਣ ਅਤੇ ਨਾ ਮੰਨਣ ਵਾਲੇ, ਦੋ ਵੀਚਾਰਾਂ ਦੇ ਲੋਕ ਹਨ ਇਸ ਲਈ, ਸਮੇਂ-ਸਮੇਂ ਐਸੇ ਸ਼ੰਕੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਥਵਾ ਉਸ ਵੱਲੋਂ ਨਿਯਤ ਧਾਰਮਕ ਸਲਾਹਕਾਰ ਕਮੇਟੀ ਪਾਸ ਸਮਾਧਾਨ ਲਈ ਆਉਂਦੇ ਰਹਿੰਦੇ ਹਨ। ਇੱਕ ਵਾਰ ਮਿਤੀ 6.7.73 ਨੂੰ ਚੰਡੀਗੜ੍ਹ 'ਰਾਜ ਕਰੇਗ ਖ਼ਾਲਸਾ' ਅਤੇ 'ਚਰਿਤ੍ਰੋ ਪਖਯਾਨ' ਬਾਰੇ ਪੁੱਛ ਪੁੱਜੀ। ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਸਾਹਿਬਾਨ ਨੇ ਇਹਨਾਂ ਪੁੱਛਾਂ ਦਾ ਜੋ ਉੱਤਰ ਦਿੱਤਾ, ਉਸ ਦੀ ਨਕਲ ਹੇਠਾਂ ਹਾਜ਼ਰ ਹੈ:-

ੴ ਵਾਹਿਗੁਰੂ ਜੀ ਕੀ ਫ਼ਤਹ॥ ਦਫ਼ਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਨੰ: 36672 3/4-8-73, ਸ੍ਰ. ਸੰਤੋਖ ਸਿੰਘ ਕਾਟੇਜ, ਲੋਅਰ ਮਾਲ, ਕਸਾਉਲੀ (ਹਿ:ਪ੍ਰ: ), ਪ੍ਰਯੋਜਨ: ਧਾਰਮਿਕ ਪੁੱਛ ਸਬੰਧੀ, ਸ੍ਰੀ ਮਾਨ ਜੀ, ਆਪ ਜੀ ਦੀ ਪੱਤਰਕਾ ਮਿਤੀ 6-7-73 ਦੇ ਸਬੰਧ ਵਿੱਚ ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ:- 1. 'ਰਾਜ ਕਰੇਗਾ ਖਾਲਸਾ' ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨੁਕੂਲ ਹੈ ਕਿਉਂਕਿ ਦੋਹਰੇ ਪੜ੍ਹਨੇ ਪੰਥਕ ਫ਼ੈਸਲਾ ਹੈ। ਇਸ ਫ਼ੈਸਲੇ 'ਤੇ ਸ਼ੰਕਾ ਨਹੀਂ ਕਰਨੀ ਚਾਹੀਦੀ।

2. 'ਚਰਿਤ੍ਰੋ ਪਖਯਾਨ' ਜੋ ਦਸਮ ਗ੍ਰੰਥ ਵਿੱਚ ਹਨ, ਇਹ 'ਦਸ਼ਮੇਸ਼ ਬਾਣੀ' ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਸ਼ੁਭ ਚਿੰਤਕ,<br>
ਸਹੀ/-<br>
(ਗੁਰਬਖ਼ਸ਼ ਸਿੰਘ)<br>
ਮੀਤ ਸਕੱਤਰ,<br>
ਧਰਮ ਪ੍ਰਚਾਰ ਕਮੇਟੀ,<br>
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

**ਨੋਟ:** ਉਪਰੋਕਤ ਉੱਤਰ ਦੇਣ ਸਮੇਂ ਗਿਆਨੀ ਸਾਧੂ ਸਿੰਘ ਜੀ ਭੌਰਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਨ। ਗਿਆਨੀ ਚੇਤ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਗਿਆਨੀ ਕਿਰਪਾਲ ਸਿੰਘ ਜੀ ਗ੍ਰੰਥੀ ਸਾਹਿਬ। ਗਿਆਨੀ ਭਾਗ ਸਿੰਘ ਵਿਰੁੱਧ ਹੁਕਮਨਾਮਾ ਜਾਰੀ ਕਰਨ ਸਮੇਂ ਵੀ ਇਹੀ ਸਿੰਘ ਸਾਹਿਬਾਨ ਸਨ। ਉਸ ਬਾਰੇ ਅਸਲੀਅਤ ਕੀ ਹੈ, ਹੇਠਾਂ ਪੜ੍ਹੋ:

ੴ ਸਤਿਗੁਰ ਪ੍ਰਸਾਦਿ॥

## ਗਿ: ਭਾਗ ਸਿੰਘ ਵਿਰੁੱਧ 'ਹੁਕਮ-ਨਾਮੇ' ਬਾਰੇ ਸੱਚੀ ਸਾਖੀ

(ਭਾਈ ਸਾਹਿਬ ਪ੍ਰਿੰ. ਹਰਿਭਜਨ ਸਿੰਘ)

ਵਿਦਵਾਨ ਬਜ਼ੁਰਗ ਪ੍ਰਚਾਰਕ, ਗਿਆਨੀ ਭਾਗ ਸਿੰਘ 'ਅੰਬਾਲਾ' ਨੇ ਪਹਿਲੀ ਵਾਰ ਸੰਨ 1976 ਵਿੱਚ 'ਦਸਮ ਗ੍ਰੰਥ-ਨਿਰਣੈ' ਨਾਮ ਦੀ ਪੁਸਤਕ ਲਿਖੀ ਤੇ ਛਾਪੀ, ਜਿਸ ਵਿਚਲੇ ਲੇਖਾਂ ਬਾਰੇ ਪੰਥ ਦੇ ਵਿਦਵਾਨਾਂ, ਜਿਨ੍ਹਾਂ ਵਿੱਚ ਭਾਈ ਅਰਦਮਨ ਸਿੰਘ ਬਾਗੜੀਆਂ, ਸ: ਮਨੋਹਰ ਸਿੰਘ ਮਾਰਕੋ, ਸ: ਕਰਤਾਰ ਸਿੰਘ ਬਾੜੀ, ਸ: ਰਤਨ ਸਿੰਘ ਜੱਗੀ (ਜੋ ਹੁਣ ਇੱਕ ਦਿੱਲੀ ਵਾਲੇ ਸਾਧ ਕੋਲ ਵਿਕ ਚੁੱਕਾ ਹੈ), ਸ: ਮਾਨ ਸਿੰਘ ਮਾਨਸਰੋਵਰ ਤੇ ਪ੍ਰਿੰ: ਜਗਜੀਤ ਸਿੰਘ ਸਲੂਜਾ ਆਦਿ ਨਾਮ ਸ਼ਾਮਲ ਸਨ ਅਤੇ ਜੋ ਬਿਪਰ ਸੰਸਕਾਰਾਂ ਦੇ ਕੱਟੜ ਵਿਰੋਧੀ ਤੇ ਨਿਰੋਲ ਇੱਕ ਅਕਾਲ ਪੁਰਖੀ ਸਨ, ਨੇ ਤਾਂ ਇਸ ਦੀ ਪ੍ਰਸੰਸਾ ਕੀਤੀ ਪਰ ਪ੍ਰੰਪਰਾਵਾਦੀਆਂ ਨੇ ਜਜ਼ਬਾਤੀ ਵਿਰੋਧਤਾ। ਆਖਰ, ਅਜੀਬ ਹਾਲਤਾਂ ਵਿੱਚ, 1977 ਈ: ਨੂੰ, ਜਥੇਦਾਰ, 'ਸ੍ਰੀ ਅਕਾਲ ਤਖ਼ਤ ਸਾਹਿਬ' ਵੱਲੋਂ 'ਹੁਕਮ-ਨਾਮਾ', ਮਿਤੀ 5-7-77 ਰਾਹੀਂ ਗਿਆਨੀ ਜੀ ਨੂੰ ਪੰਥ ਵਿੱਚੋਂ ਖਾਰਜ ਕਰ ਦਿੱਤਾ ਗਿਆ ਆਦਿਕ। ਅੱਜ, ਇਸ ਦੁਰਭਾਗੀ ਘਟਨਾ ਬਾਰੇ, ਪੰਥ ਵਿੱਚ ਸੁਣੀਆਂ-ਸੁਣਾਈਆਂ ਗੱਲਾਂ ਉੱਤੇ ਆਧਾਰਤ, ਵੱਖ-ਵੱਖ ਧਾਰਨਾਵਾਂ ਪ੍ਰਚੱਲਤ ਹਨ। ਇਹ ਲੇਖਕ, ਸਬੰਧਤ ਧਾਰਮਕ ਸਲਾਹਕਾਰ ਕਮੇਟੀ ਦੀ ਇਕੱਤਰਤਾ, ਜੋ 1977 ਈ: ਨੂੰ ਹੋਈ, ਵਿੱਚ ਸ਼ਾਮਲ ਹੋਣ ਕਰਕੇ ਇਸ ਘਟਨਾ ਬਾਰੇ ਹੋਈ ਕਾਰਵਾਈ ਨੂੰ ਪੂਰੀ-ਪੂਰੀ ਈਮਾਨਦਾਰੀ ਤੇ ਸੱਚਾਈ ਨਾਲ 'ਸਾਚੀ ਸਾਖੀ' ਵਜੋਂ ਕਲਮਬੰਦ ਕਰਨਾ ਯੋਗ ਤੇ ਲਾਭਦਾਇਕ ਸਮਝਦਾ ਹੈ। ਸੋ, ਸਹੀ ਜਾਣਕਾਰੀ ਇਸ ਪ੍ਰਕਾਰ ਹੈ:-

**ਜਾਣਕਾਰੀ:-** ਸਬੰਧਤ ਪੁਸਤਕ ਛਪਣ ਉਪਰੰਤ, ਆਮ ਸਿੱਖ ਸੰਗਤਾਂ ਵਿੱਚ, ਇਸ ਵਿਰੁੱਧ ਉੱਠੀ ਆਵਾਜ਼ ਨੂੰ ਮੁੱਖ ਰੱਖ ਕੇ, ਸ਼੍ਰੋ: ਗੁ: ਪ੍ਰ: ਕਮੇਟੀ ਨੇ ਇਨ੍ਹਾਂ ਮੈਂਬਰਾਂ ਦੇ ਆਧਾਰਤ, ਧਾਰਮਕ ਸਲਾਹਕਾਰਾਂ ਦੀ ਇਕੱਤਰਤਾ ਬੁਲਾਈ:- 1. ਗਿਆਨੀ ਸਾਧੂ ਸਿੰਘ ਭੌਰਾ, ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ। 2. ਗਿਆਨੀ ਗੁਰਦਿਆਲ ਸਿੰਘ ਅਜਨੋਹਾ, ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ। 3. ਗਿਆਨੀ ਚੇਤ ਸਿੰਘ, ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ । 4. ਗਿਆਨੀ ਕਿਰਪਾਲ ਸਿੰਘ, ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ। 5. ਸ੍ਰ. ਗੁਰਬਖ਼ਸ਼ ਸਿੰਘ, ਮੀਤ ਸਕੱਤਰ, ਸ਼੍ਰੋ: ਗੁ: ਪ੍ਰ: ਕਮੇਟੀ। 6. ਪ੍ਰਿੰ: ਸਤਿਬੀਰ ਸਿੰਘ, ਮੈਂਬਰ, ਧਰਮ ਪ੍ਰਚਾਰ ਕਮੇਟੀ। 7. ਸ੍: ਸ਼ਮਸ਼ੇਰ ਸਿੰਘ ਅਸ਼ੋਕ, ਇਤਿਹਾਸਕਾਰ, ਸ਼੍ਰੋ: ਗੁ: ਪ੍ਰ: ਕਮੇਟੀ। 8. ਸ੍: ਸਰਮੁਖ ਸਿੰਘ ਚਮਕ। 9. ਪ੍ਰੋ: ਪ੍ਰਕਾਸ਼ ਸਿੰਘ, ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। 10. ਡਾ. ਮਾਨ ਸਿੰਘ ਨਿਰੰਕਾਰੀ। 11. ਲੇਖਕ (ਦਾਸ, ਪ੍ਰਿੰ: ਹਰਿਭਜਨ ਸਿੰਘ) **ਨੋਟ:-** ਉਪਰੋਕਤ ਮੈਂਬਰਾਂ ਤੋਂ ਬਿਨਾ ਪੰਜ ਕੁ ਮੈਂਬਰ ਹੋਰ ਸਨ, ਜਿਨ੍ਹਾਂ ਦੇ ਨਾਮ ਮੈਨੂੰ ਵਿਸਰ ਗਏ ਹਨ। ਹਾਂ, 'ਸ੍ਰੀ ਦਰਬਾਰ ਸਾਹਿਬ' ਦੇ ਬਾਕੀ ਤਿੰਨੇ ਗ੍ਰੰਥੀ ਸਾਹਿਬਾਨ ਅਵੱਸ਼ ਇਸ ਇਕੱਤਰਤਾ ਵਿੱਚ ਸ਼ਾਮਲ ਸਨ। **ਕਾਰਵਾਈ:-** 1. ਇਹ ਇਕੱਤਰਤਾ 'ਸ੍ਰੀ ਗੁਰੂ ਨਾਨਕ ਨਿਵਾਸ' ਦੇ ਮੀਟਿੰਗ ਹਾਲ ਵਿੱਚ, ਜਥੇਦਾਰ, 'ਸ੍ਰੀ ਅਕਾਲ ਤਖ਼ਤ' ਦੀ ਪ੍ਰਧਾਨਗੀ ਹੇਠ ਆਰੰਭ ਹੋਈ। ਇਕੱਤਰਤਾ ਵਿੱਚ ਦੋ-ਤਿੰਨ ਮੈਂਬਰ, ਜਿਹਾ ਕਿ ਜਥੇਦਾਰ ਅਜਨੋਹਾ, ਵੱਡੇ ਜੋਸ਼ ਤੇ ਕ੍ਰੋਧ ਗ੍ਰਸਤ ਸਨ। ਉਹ ਵਾਰੀ-ਵਾਰੀ ਗਿ: ਜੀ ਵਿਰੁੱਧ ਤੁਰੰਤ ਫ਼ਤਵਾ ਦਿੱਤੇ ਜਾਣ ਵਾਲੇ ਜਜ਼ਬਾਤ ਦਾ ਪ੍ਰਗਟਾ ਕਰ ਰਹੇ ਸਨ। ਜਦ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ, ਜਿਨ੍ਹਾਂ ਨੇ 'ਦਸਮ ਗ੍ਰੰਥ ਬਾਰੇ' ਨਾਮ ਦੀ ਪੁਸਤਕ ਵੀ ਲਿਖੀ ਸੀ, ਜਿਸ ਵਿੱਚ, 'ਦਸਮ ਗ੍ਰੰਥ' ਵਿਚਲੀਆਂ ਬਹੁਤੀਆਂ ਰਚਨਾਵਾਂ 'ਸ੍ਰੀ ਦਸ਼ਮੇਸ਼ ਜੀ' ਦੀ ਕ੍ਰਿਤ ਨਹੀਂ ਮੰਨੀਆਂ ਸਨ, ਆਪਣੇ ਵਿਚਾਰ ਦੱਸਣ ਲਈ ਕੁਝ ਕਹਿਣ ਲੱਗੇ ਤਾਂ ਕੁਝ ਮੈਂਬਰਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਝਾੜਿਆ ਅਤੇ ਉਹ ਉੱਥੇ ਹੀ ਸਹਿਮ ਕੇ ਬੈਠ ਗਏ। ਇਹ ਝਾੜ ਏਨੀਂ ਗੰਭੀਰ ਸੀ ਕਿ ਫੇਰ 'ਅਸ਼ੋਕ' ਜੀ ਨੇ ਸਾਰੀ ਇਕੱਤਰਤਾ ਵਿੱਚ ਜ਼ਰਾ ਵੀ ਚੂੰ ਚਾਂ ਨਹੀਂ ਕੀਤੀ; ਖਾਮੋਸ਼ ਬੈਠੇ ਰਹੇ। ਇਹ ਲੇਖਕ (ਦਾਸ, ਹਰਿਭਜਨ ਸਿੰਘ) ਲਗਭਗ 45 ਕੁ ਮਿੰਟ ਪੂਰਨ ਖਾਮੋਸ਼ੀ ਧਾਰੀ, ਵੇਖਦਾ-ਸੁਣਦਾ ਰਿਹਾ। 2. ਆਖਰ, ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ, ਮੈਨੂੰ ਸੰਬੋਧਨ ਕਰਦਿਆਂ ਕਹਿਣ ਲੱਗੇ, 'ਬਾਬਾ ਜੀ, ਹੁਣ ਕੁਝ ਬੋਲੋ ਵੀ'। ਮੈਂ ਅੱਗੋਂ ਬੜੀ ਗੰਭੀਰਤਾ ਨਾਲ ਬੇਨਤੀ ਕੀਤੀ ਕਿ ਮੈਂ ਹੈਰਾਨ ਹਾਂ ਕਿ ਕੀ ਇਹ ਇਕੱਤਰਤਾ ਉੱਚੀਆਂ ਪਦਵੀਆਂ ਦੇ ਅਧਿਕਾਰੀਆਂ ਤੇ ਪੰਥ ਦੇ ਚੁਣੇ ਵਿਦਵਾਨਾਂ ਦੀ ਹੈ? ਅਸੀਂ ਇੱਕ ਬਜ਼ੁਰਗ ਧਾਰਮਕ ਵਿਅਕਤੀ ਨੂੰ, ਬਿਨਾਂ ਉਸ ਦਾ ਪੱਖ ਸੁਣੇ ਦੇ, ਫਾਹੇ ਲਾਉਣ ਲਈ ਬੜੇ ਉਤਾਵਲੇ ਹਾਂ। 3. ਮੇਰੀ ਸਨਿਮਰ ਪੁੱਛ ਹੈ ਕਿ ਇਸ ਇਕੱਤਰਤਾ ਵਿੱਚ ਹਾਜ਼ਰ ਸਤਿਕਾਰਤ ਵਿਅਕਤੀਆਂ 'ਚੋਂ, ਕੀ ਕਿਸੇ ਨੇ ਸਾਰੇ 'ਦਸਮ ਗ੍ਰੰਥ' ਨੂੰ ਪੜਚੋਲੀਆ ਨਜ਼ਰ ਨਾਲ ਘੋਖ ਕੇ ਵਾਚਿਆ ਵੀ ਹੈ? ਸਭ ਖਾਮੋਸ਼ ਸਨ। 4. ਕੀ 'ਦਸਮ ਗ੍ਰੰਥ' ਦੀ ਪ੍ਰਮਾਣਕਤਾ ਦਾ ਮਸਲਾ ਓਨਾਂ ਹੀ ਪੁਰਾਣਾ ਨਹੀਂ, ਜਿੰਨਾਂ ਪੁਰਾਣਾ ਇਹ ਗ੍ਰੰਥ ਹੈ? 5. ਕੀ ਜੂਨ 1973 ਨੂੰ, ਜਥੇਦਾਰ, ਸ੍ਰੀ ਅਕਾਲ ਤਖ਼ਤ ਤੇ ਪੰਜਾਂ ਗ੍ਰੰਥੀ ਸਿੰਘ ਸਾਹਿਬਾਨ ਨੇ ਭਾਈ ਸੰਤੋਖ ਸਿੰਘ, ਚੰਡੀਗੜ੍ਹ ਦੀ ਪੁੱਛ ਦੇ ਉੱਤਰ ਵਿੱਚ, ਮੀਤ ਸਕੱਤਰ ਸ੍ਰ. ਗੁਰਬਖ਼ਸ਼ ਸਿੰਘ ਰਾਹੀਂ, ਇਹ ਉੱਤਰ ਨਹੀਂ ਸੀ ਦਿੱਤਾ ਕਿ 'ਚਰਿਤ੍ਰੋ ਪਖਿਆਨ' ਸ੍ਰੀ ਦਸ਼ਮੇਸ਼ ਜੀ ਦੀ ਰਚਨਾ ਨਹੀਂ, ਕਿਸੇ ਹਿੰਦੂ ਮਿਥਿਹਾਸਕ ਰਚਨਾ ਦਾ ਉਤਾਰਾ ਹੈ? ਫੇਰ ਮੇਰੀ ਪੁੱਛ ਸੀ ਕਿ ਐਸੀ ਪੁਜ਼ੀਸ਼ਨ ਵਿੱਚ

ਕੀ ਇਹ ਹਕੀਕਤ ਸੂਰਜ-ਵੱਤ ਰੌਸ਼ਨ ਨਹੀਂ ਕਿ ਸਾਰਾ 'ਦਸਮ ਗ੍ਰੰਥ' ਸ੍ਰੀ ਦਸਵੇਂ ਪਾਤਸ਼ਾਹ ਜੀ ਦੀ ਲਿਖਤ ਰਚਨਾ ਨਹੀਂ ? ਮੈਂ ਸਨਿਮਰ ਇਹ ਵੀ ਕਿਹਾ ਕਿ ਮੈਂ ਇਸ ਸਟੇਜ ਉੱਤੇ ਗਿ: ਭਾਗ ਸਿੰਘ ਵਿਰੁੱਧ ਲਏ ਕਿਸੇ ਫ਼ੈਸਲੇ ਨਾਲ ਸਹਿਮਤ ਨਹੀਂ। ਸੋ, ਮੇਰੀ ਅਸੰਮਤੀ ਨੋਟ ਕਰ ਕੇ ਆਪ ਕੋਈ ਵੀ ਫ਼ੈਸਲਾ ਲੈ ਸਕਦੇ ਹੋ। ਪ੍ਰੰਤੂ, ਐਸਾ ਕਰਨੋਂ ਉਨ੍ਹਾਂ ਇਨਕਾਰ ਕੀਤਾ ਅਤੇ ਮੈਨੂੰ ਹੀ ਆਦੇਸ਼ ਦਿੱਤਾ ਕਿ ਪ੍ਰਿੰ. ਸਤਿਬੀਰ ਸਿੰਘ ਨਾਲ ਰਲ ਕੇ ਯੋਗ ਮਤਾ ਤਿਆਰ ਕਰਾਂ। **ਮਤਾ:-** (ੳ) ਅੱਜ ਇੱਥੇ ਜੁੜੀ ਧਾਰਮਕ ਸਲਾਹਕਾਰ ਕਮੇਟੀ ਦਾ ਫ਼ੈਸਲਾ ਹੈ ਕਿ ਗਿਆਨੀ ਭਾਗ ਸਿੰਘ ਨੂੰ ਚਾਹੀਦਾ ਸੀ ਕਿ ਕੁਝ ਪੰਥ ਪ੍ਰਵਾਣਤ ਫ਼ੈਸਲਿਆਂ ਬਾਰੇ ਕਤਈ ਦੋ ਟੁੱਕ ਆਪਣਾ ਮੱਤ ਪ੍ਰਗਟ ਕਰਨ ਦੀ ਥਾਂ, ਆਪਣਾ ਪੱਖ ਪੰਥ ਦੇ ਰੂਬਰੂ ਰੱਖਦੇ ਅਤੇ ਅੰਤਮ ਫ਼ੈਸਲਾ ਸਮੁੱਚੇ ਪੰਥ ਉੱਤੇ ਛੱਡ ਦਿੰਦੇ ਇਤਿਆਦਿਕ। (ਅ) ਇਹ ਕਮੇਟੀ ਵੱਡੀ ਨਿਮਰਤਾ ਤੇ ਜ਼ੋਰ ਨਾਲ, ਸ਼੍ਰੋ: ਗੁ: ਪ੍ਰ: ਕਮੇਟੀ ਦੀ ਸੇਵਾ ਵਿੱਚ ਇਹ ਬਿਨੈ ਵੀ ਕਰਦੀ ਹੈ ਕਿ ਕਿਉਂਕਿ ਸਮਾਂ ਗੁਜ਼ਰਨ ਨਾਲ ਇਹ ਕੰਮ ਚੂੰ ਕਿ ਹੋਰ ਕਠਨ ਹੁੰਦਾ ਜਾ ਰਿਹਾ ਹੈ, ਇਸ ਲਈ, ਉਹ ਪਹਿਲੀ ਫੁਰਸਤ ਵਿੱਚ ਪੰਥ ਦੇ ਚੋਟੀ ਦੇ ਵਿਦਵਾਨਾਂ ਦੀ ਸਬ-ਕਮੇਟੀ ਬਣਾਵੇ ਜੋ ਪੂਰੀ-ਪੂਰੀ ਘੋਖ ਤੇ ਦੂਰ ਅੰਦੇਸ਼ੀ ਨਾਲ, ਗੁਰਬਾਣੀ ਤੇ ਗੁਰਮਤਿ ਦੀ ਰੌਸ਼ਨੀ ਵਿੱਚ, ਇਹ ਨਿਰਣਾ ਦੇਵੇ ਕਿ 'ਦਸਮ ਗ੍ਰੰਥ' ਦੀਆਂ ਕਿਹੜੀਆਂ-ਕਿਹੜੀਆਂ ਰਚਨਾਵਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਤੇ ਸਤਿਗੁਰੂਆਂ ਦੇ ਆਸ਼ੇ ਅਨੁਕੂਲ ਹਨ ਅਤੇ ਕਿਹੜੀਆਂ 'ਬਿਪਰ-ਸੰਸਕਾਰੀ' ਰੀਤਾਂ, ਰਸਮਾਂ ਤੇ ਮਨਮੱਤ ਦੀਆਂ ਮਨੌਤਾਂ ਨਾਲ ਭਰਪੂਰ ? **ਪ੍ਰਵਾਨਗੀ:-** ਆਖਰ ਇਹ ਮਤਾ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਅਤੇ ਗਿ: ਭਾਗ ਸਿੰਘ ਨੂੰ ਕੋਈ ਦੰਡ ਦੇਣਾ ਯੋਗ ਨ ਜਾਤਾ। ਧਾਰਮਕ ਸਲਾਹਕਾਰ ਕਮੇਟੀ ਵਿੱਚ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਮਤਾ ਅਗਲੀ ਕਾਰਵਾਈ ਲਈ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਭੇਜ ਦਿੱਤਾ ਗਿਆ। ਫੇਰ ਗਿਆਨੀ ਭਾਗ ਸਿੰਘ ਵਿਰੁੱਧ ਹੁਕਮਨਾਮਾ ਕਿਉਂ ਤੇ ਕਿਵੇਂ ?

ਧਾਰਮਕ ਸਲਾਹਕਾਰ ਕਮੇਟੀ ਦੇ ਉਪਰੋਕਤ ਸਰਬ-ਸੰਮਤੀ ਫ਼ੈਸਲੇ ਉਪਰੰਤ ਕਮੇਟੀ ਦੇ ਕਿਸੇ ਵਿਆਕਤੀ ਨੂੰ ਹੱਕ ਨਹੀਂ ਪਹੁੰਚਦਾ ਸੀ ਕਿ ਉਹ ਆਪਣੀ ਹੀ ਹਾਜ਼ਰੀ ਵਿੱਚ ਹੋਏ ਫ਼ੈਸਲੇ ਦੀ ਕਿਸੇ ਤਰ੍ਹਾਂ ਮਿੱਟੀ ਪਲੀਤ ਕਰੇ। ਜਥੇਦਾਰ, 'ਸ੍ਰੀ ਅਕਾਲ ਤਖ਼ਤ ਸਾਹਿਬ' ਜੇ ਧਾਰਮਕ ਸਲਾਹਕਾਰ ਕਮੇਟੀ ਦੀ ਇਕੱਤਰਤਾ ਦੇ ਸਰਬ-ਸੰਮਤ ਫ਼ੈਸਲੇ ਵਿੱਚ ਆਪ ਸ਼ਾਮਲ ਨ ਹੁੰਦੇ ਤਾਂ ਗੱਲ ਹੋਰ ਸੀ। ਹਾਂ, ਜੇ ਉਨ੍ਹਾਂ ਦਾ ਆਪਣੇ ਹੀ ਸਾਂਝੇ ਤੇ ਸਰਬ-ਸੰਮਤ ਫ਼ੈਸਲੇ ਬਾਰੇ ਮਨ ਬਦਲ ਗਿਆ ਸੀ ਤਾਂ ਉਹ ਫੇਰ ਧਾਰਮਕ ਸਲਾਹਕਾਰਾਂ ਦੀ ਇਕੱਤਰਤਾ ਸੱਦਦੇ ਅਤੇ ਸਰਬ-ਸੰਮਤੀ ਨਾਲ ਹੋਇਆ ਫੈਸਲਾ ਬਦਲਵਾ ਲੈਂਦੇ ਪਰ ਮੈਂਬਰ ਸਾਹਿਬਾਨ ਵਿਰੁੱਧ ਐਸਾ ਹੱਤਕ ਭਰਿਆ ਤਾਨਾਸ਼ਾਹੀ ਫ਼ੈਸਲਾ ਨ ਕਰਦੇ।

**ਪਿਛੋਕੜ:-** ਇਸ ਸਾਰੀ ਘਟਨਾ ਦਾ ਪਿਛੋਕੜ, ਜੋ ਬਾਅਦ ਵਿੱਚ ਗਿਆਨੀ ਭਾਗ ਸਿੰਘ ਤੇ ਉਨ੍ਹਾਂ ਦੇ ਨਿਕਟ ਵਰਤੀਆਂ ਪਾਸੋਂ ਸੁਣਨ ਵਿੱਚ ਆਇਆ, ਉਹ ਸੰਖੇਪ ਵਿੱਚ ਇਸ ਪ੍ਰਕਾਰ ਸੀ:

ਗਿਆਨੀ ਭਾਗ ਸਿੰਘ ਜੀ ਤੇ ਗਿਆਨੀ ਸੰਤ ਸਿੰਘ ਮਸਕੀਨ ਦੀ ਇੰਦੌਰ ਵਿਖੇ ਕਿਸੇ ਸਮਾਗਮ ਸਮੇਂ ਮੁੱਠ-ਭੇੜ ਹੋ ਗਈ ਜਿਸ ਵਿੱਚ ਭਾਗ ਸਿੰਘ ਦਾ ਹੱਥ ਉੱਤੇ ਰਿਹਾ। ਮਸਕੀਨ ਜੀ ਨੇ ਇਸ ਦੀ ਸ਼ਿਕਾਇਤ, ਆਪਣੇ ਹਿਤੂ ਤੇ ਵੱਡੇ ਨਿਕਟਵਰਤੀ, ਗਿਆਨੀ ਚੇਤ ਸਿੰਘ, ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਕੀਤੀ ਜਿਨ੍ਹਾਂ ਦੀ ਗਿਆਨੀ ਸਾਧੂ ਸਿੰਘ ਭੌਰਾ, ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਡਾਢੀ ਸਮੀਪਤਾ ਸੀ। ਸੋ ਇਨ੍ਹਾਂ ਦੋਹਾਂ ਸਾਥੀਆਂ ਨੇ ਜਥੇਦਾਰ ਭੌਰਾ ਉੱਤੇ ਦਬਾਅ ਪਾਇਆ ਕਿ ਉਹ ਗਿਆਨੀ ਭਾਗ ਸਿੰਘ ਵਿਰੁੱਧ 'ਹੁਕਮਨਾਮਾ' ਜਾਰੀ ਕਰਨ। ਇਉਂ ਇਹ ਭਾਣਾ ਵਰਤਿਆ। ਗਿਆਨੀ ਭਾਗ ਸਿੰਘ ਦੀ ਅੰਤਲੀ ਜਾਨ-ਲੇਵਾ ਬੀਮਾਰੀ ਸਮੇਂ, ਮੈਂ ਉਨ੍ਹਾਂ ਦੀ (ਸੈਕਟਰ 37) ਸੁੱਖ-ਸਾਂਦ ਪੁੱਛਣ ਗਿਆ, ਤਾਂ ਉਨ੍ਹਾਂ ਪਾਸੋਂ ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ 'ਮਸਕੀਨ' ਜੀ ਨੇ ਕਿਵੇਂ ਪਲੋਸ-ਪਲਾਸ ਕੇ, ਗਿਆਨੀ ਹੁਰਾਂ ਪਾਸੋਂ ਪੁਸਤਕ ਲਿਖੇ ਜਾਣ ਦੀ ਲਿਖ਼ਤੀ ਮਾਫੀ ਮੰਗਵਾਈ ਹੈ। ਮੈਂ ਗਿਆਨੀ ਜੀ ਨੂੰ ਸਖਤ ਪ੍ਰੇਸ਼ਾਨੀ ਤੇ ਬੇ-ਬਸੀ ਵਿੱਚ ਵੇਖਿਆ। ਉਹ 'ਮੁਆਫ਼ੀ' ਦੇ ਮਸਕੀਨ ਜੀ ਨੂੰ ਲਿਖ ਕੇ ਦਿੱਤੇ ਚੰਦ ਅੱਖਰਾਂ ਉੱਤੇ ਪਛਤਾ ਰਹੇ ਸਨ ਅਤੇ ਕਿਸੇ ਨੂੰ ਕੁਝ ਲਿਖਾਉਣਾ ਚਾਹੁੰਦੇ ਸਨ। ਮੈਂ ਇਸ ਸੇਵਾ ਲਈ ਆਪਣੇ-ਆਪ ਨੂੰ ਪੇਸ਼ ਕੀਤਾ ਅਤੇ ਇਕਰਾਰ ਅਨੁਸਾਰ ਦੂਜੇ ਦਿਨ ਸਵੇਰੇ ਉਨ੍ਹਾਂ ਪਾਸ ਪੁੱਜ ਗਿਆ ਪਰ ਅਫਸੋਸ ! ਉਹ ਉਦੋਂ ਤੱਕ ਇੰਨੇਂ ਬੇ-ਸੁਰਤ ਹੋ ਚੁੱਕੇ ਸਨ ਕਿ ਇੱਕ ਅੱਖਰ ਵੀ ਮੈਨੂੰ ਨਾ ਲਿਖਾ ਸਕੇ। ਦੂਜੇ ਦਿਨ ਉਨ੍ਹਾਂ ਦੀ ਚੇਤਨ ਸੱਤਾ ਸਦਾ ਲਈ ਉਡਾਰੀ ਮਾਰ ਗਈ। ਸੋ, ਇਹ ਹੈ ਸੰਖੇਪ ਵਿੱਚ ਗਿਆਨੀ ਭਾਗ ਸਿੰਘ ਜੀ ਜੇਹੇ ਵੱਡੇ ਜਬ੍ਹੇ ਵਾਲੇ ਵਿਦਵਾਨ, ਗੁਰਸਿੱਖ ਪ੍ਰਚਾਰਕ ਨਾਲ ਪ੍ਰੇਸ਼ਾਨੀ-ਭਰਪੂਰ ਵਰਤੇ ਦੁਖਾਂਤ ਦੀ 'ਸੱਚੀ ਸਾਖੀ'।

**ਵੱਲੋਂ:-** ਗਿਆਨੀ ਸੁਰਜੀਤ ਸਿੰਘ, ਸਿੱਖ ਮਿਸ਼ਨਰੀ ਮੈਂਬਰ, ਧਰਮ ਪ੍ਰਚਾਰ ਕਮੇਟੀ, ਦਿੱਲੀ ਸਿ: ਗੁ: ਪ੍ਰ: ਕਮੇਟੀ, ਫਾਊਂਡਰ ਅਤੇ ਪ੍ਰਚਾਰਕ, ਸਿੱਖ ਮਿਸ਼ਨਰੀ ਕਾਲਜ (ਰਜਿ.), ਗੁਰਮਤਿ ਲੈਕਚਰਾਰ, ਕਥਾਵਾਚਕ ਅਤੇ ਲੇਖਕ ਮੈਂਬਰ- ਵਿਸ਼ਵ ਸਿੱਖ ਕਾਉਂਸਲ, ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਿੰਸੀਪਲ- ਗੁਰਮਤਿ ਐਜੂਕੇਸ਼ਨ ਸੈਂਟਰ, ਦਿੱਲੀ। ਮਿਤੀ: 6/12/97

ਸਤਿਕਾਰ ਯੋਗ ਪ੍ਰਿੰ: ਹਰਿਭਜਨ ਸਿੰਘ ਜੀਉ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਆਪ ਜੀ ਦਾ ਪੱਤਰ ਪ੍ਰਾਪਤ ਹੋ ਗਿਆ ਸੀ ਅਤੇ ਆਪ ਜੀ ਦੇ ਤਿੰਨ ਲੇਖ ਵੀ ਨਾਲ ਨੱਥੀ ਸਨ। ਸਭ ਤੋਂ ਕੀਮਤੀ ਚੀਜ਼ ਜੋ ਇਸ ਪੱਤਰ ਨਾਲ ਦਾਸ ਨੂੰ ਪ੍ਰਾਪਤ ਹੋਈ ਹੈ,'ਹੁਕਮ-ਨਾਮੇ' ਸਬੰਧੀ ਜੋ ਵੇਰਵਾ ਆਪ ਜੀ ਨੇ ਲਿਖਿਆ ਹੈ।

**ਕੁਝ ਬੇਨਤੀਆਂ ਇਸ ਪ੍ਰਕਾਰ ਹਨ:** ਗਿਆਨੀ ਭਾਗ ਸਿੰਘ ਜੀ ਬਾਰੇ ਆਪ ਜੀ ਨੇ ਲਿਖਿਆ ਹੈ ਕਿ 'ਉਹ ਕੁਝ ਵੇਰਵਾ' ਦੇਣਾ ਚਾਹੁੰਦੇ ਸਨ ਪਰ ਉਸ ਤੋਂ ਪਹਿਲਾਂ ਗੁਰਪੁਰ ਵਾਸੀ ਹੋ ਗਏ। ਸੰਖੇਪ ਵਿੱਚ ਉਹ ਵੇਰਵਾ ਇਸ ਪ੍ਰਕਾਰ ਹੈ: 'ਦਿੱਲੀ ਵਿੱਚ ਸ: ਮਿਲਾਪ ਸਿੰਘ ਜੀ ਦੇ ਉੱਦਮ ਨਾਲ ਭਾਈ ਅਮਰ ਸਿੰਘ ਜੀ ਅਲੀਗੜ੍ਹ ਵਾਲਿਆਂ ਨਾਲ ਇਹ ਫ਼ੈਸਲਾ ਹੋਇਆ ਕਿ ਉਹ ਜਥੇਦਾਰ ਸਾਧੂ ਸਿੰਘ ਭੌਰਾ ਨਾਲ ਮਿਲ ਕੇ ਇਹ ਹੁਕਮ-ਨਾਮਾ, ਜੋ ਮੂਲੋਂ ਗ਼ਲਤ ਹੈ, ਵਾਪਸ ਕਰਵਾ ਲੈਣਗੇ। (ਧਿਆਨ ਰਹੇ ਭਾਈ ਅਮਰ ਸਿੰਘ ਜੀ ਦੀ ਦਿੱਲੀ ਵਿੱਚ ਟਰਾਂਸਪੋਰਟ ਹੈ) ਇਸ ਵਕਤ ਉਹਨਾਂ ਨਾਲ ਦਾਸ ਦਾ ਵੀ ਵਿਚਾਰ-ਵਟਾਂਦਰਾ ਹੋਇਆ। ਉਹਨਾਂ ਦੇ ਲਫ਼ਜ਼ਾਂ ਵਿੱਚ 'ਮੈਨੂੰ ਸਾਰੀ ਗੱਲ ਸਮਝ ਆ ਗਈ ਹੈ'। ਭੌਰਾ ਜੀ ਤਾਂ ਸਾਡੇ ਹੀ ਉੱਥੇ ਗ੍ਰੰਥੀ ਹੁੰਦਾ ਸੀ। ਮੈਂ ਉਸ ਨਾਲ ਸਾਰੀ ਗੱਲ ਵੀ ਕਰ ਲਈ ਹੈ। ਬੱਸ, ਗਿਆਨੀ ਜੀ ਨਾਲ ਚੱਲਣਗੇ। ਉਹ (ਭੌਰਾ ਸਾਹਿਬ) ਆਪਣੀ ਗ਼ਲਤੀ ਨੂੰ ਮਹਿਸੂਸ ਕਰਦਾ ਹੈ। ਦਾਸ ਤੇ ਸ: ਮਿਲਾਪ ਸਿੰਘ ਜੀ ਨੇ ਗਿਆਨੀ ਜੀ ਨਾਲ 'ਅਕਾਲ ਤਖ਼ਤ ਸਾਹਿਬ' ਜਾਣਾ ਸੀ, ਇਸ ਦੀ ਭਿਣਕ 'ਮਸਕੀਨ ਸਾਹਿਬ' ਨੂੰ ਪੈ ਗਈ। ਉਨ੍ਹਾਂ ਵੱਲੋਂ, ਫਟਾ ਫਟ ਗਿਆਨੀ ਜੀ ਨੂੰ ਇੱਕ ਚਿੱਠੀ ਪੁੱਜੀ ਕਿ ਮੈਂ ਫਲਾਣੀ ਤਾਰੀਖ ਨੂੰ ਦਿੱਲੀ ਸਟੇਸ਼ਨ ਤੇ ਤੁਹਾਨੂੰ ਮਿਲਾਂਗਾ, ਤੁਹਾਡੀ ਵੀ ਮੈਂ ਟਿਕਟ ਲੈ ਰੱਖੀ ਹੈ। ਤੁਸੀਂ ਮੇਰੇ ਨਾਲ ਸ੍ਰੀ ਅੰਮ੍ਰਿਤਸਰ ਚੱਲਣਾ, ਕੰਮ ਮੁਕਾ ਲਵਾਂਗੇ। ਉਸ ਵਕਤ ਗਿਆਨੀ ਜੀ, ਸ਼ਾਇਦ ਉੱਕ ਗਏ ਜਾਂ ਸਾਡੇ ਨਾਲ ਮੇਲ ਨ ਬਣ ਸਕਿਆ। ਉਹ ਮਸਕੀਨ ਸਾਹਿਬ ਦੀ ਨਵੀਂ ਚਾਲ ਦਾ ਸ਼ਿਕਾਰ ਹੋ ਗਏ। ਸ਼ਟੇਸ਼ਨ 'ਤੇ ਚਲੇ ਗਏ ਅਤੇ ਮਸਕੀਨ ਸਾਹਿਬ ਨਾਲ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ਜਿਸ ਵਕਤ ਸਾਨੂੰ ਰਾਤੀਂ ਪਤਾ ਲੱਗਾ ਤਾਂ ਸਾਨੂੰ ਫਿਕਰ ਸੀ, ਬਲਕਿ ਘਬਰਾਹਟ ਸੀ ਕਿ ਮਸਕੀਨ ਸਾਹਿਬ ਦੀ ਇਸ ਵਿੱਚ ਸ਼ਾਇਦ ਕੋਈ ਚਾਲ ਨ ਹੋਵੇ, ਆਖਰ ਇਹੀ ਹੋਇਆ। ਗਿਆਨੀ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵਾਪਸ ਪੁੱਜੇ ਤਾਂ ਸਿੱਧੇ ਲਾਜਪਤ ਨਗਰ, ਦਿੱਲੀ ਵਿਖੇ ਸ: ਨਰਿੰਦਰਜੀਤ ਸਿੰਘ ਦੇ ਘਰ ਗਏ। ਦਾਸ ਨੂੰ ਵੀ ਫੋਨ ਕਰ ਕੇ ਬੁਲਾਇਆ ਗਿਆ। ਤਦ, ਇਸ ਵਡੇਰੀ ਉਮਰ ਵਿੱਚ ਗਿਆਨੀ ਜੀ ਦੀਆਂ ਅੱਖਾਂ ਵਿੱਚ ਅੱਥਰੂ ਸਨ। ਕਹਿਣ ਲੱਗੇ, ਮਸਕੀਨ ਜੀ ਨੇ ਮੇਰੇ ਨਾਲ ਧੋਖਾ ਕੀਤਾ ਹੈ; ਹੁਣ ਰਾਜੌਰੀ ਗਾਰਡਨ ਉਹ ਮੇਰੀ ਇੰਤਜ਼ਾਰ ਕਰ ਰਿਹਾ ਹੈ। ਕਹਿੰਦਾ ਹੈ, 'ਮੇਰੇ ਨਾਲ ਅਲਵਰ ਦੇ ਸਮਾਗਮ 'ਤੇ ਚੱਲੋ। ਉੱਥੇ ਸੰਗਤਾਂ ਦੇ ਵੱਡੇ ਇਕੱਠ ਵਿੱਚ ਤੁਹਾਡੇ ਕੋਲੋਂ ਕਥਾ ਕਰਵਾਵਾਂਗੇ। ਗਿਆਨੀ ਜੀ ਦਿਆਂ ਲਫ਼ਜ਼ਾਂ ਵਿੱਚ, ਸ੍ਰੀ ਅੰਮ੍ਰਿਤਸਰ ਜਾਂਦਿਆਂ ਭੌਰਾ ਜੀ ਪਹਿਲਾਂ ਤੋਂ ਤਿਆਰ ਬੈਠਾ ਸੀ। ਇੱਕ ਪੈਡ 'ਤੇ ਕੁਝ ਟਾਈਪ ਹੋਇਆ ਸੀ। ਮੈਂ ਪੜ੍ਹਨ ਲੱਗਾ ਤਾਂ ਮੇਰੇ ਹੱਥੋਂ ਮੇਰੀ ਐਨਕ ਥੱਲੇ ਡਿੱਗ ਪਈ। ਅਸੀਂ ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠੇ ਸੀ। (ਚੇਤੇ ਰਹੇ, ਇਤਨੀ ਵਡੇਰੀ ਉਮਰ ਵਿੱਚ ਗਿਆਨੀ ਜੀ ਦੇ ਹੱਥ ਕੰਬਦੇ ਸਨ ਜਿਸ ਕਰਕੇ ਉਹਨਾਂ ਦੇ ਹੱਥਾਂ ਵਿੱਚੋਂ ਐਨਕ ਡਿੱਗੀ। ਨਜ਼ਰ ਵੀ ਕਮਜ਼ੋਰ ਪੈ ਚੁੱਕੀ ਸੀ) ਭੌਰਾ ਸਾਹਿਬ ਤੇ ਮਸਕੀਨ ਜੀ ਦੋਵੇਂ ਕਹਿਣ ਲੱਗੇ, 'ਗਿਆਨੀ ਜੀ, ਛੱਡੋ ਐਨਕ, ਤੁਹਾਨੂੰ ਸਾਡੇ 'ਤੇ ਯਕੀਨ ਨਹੀਂ? ਫਟਾਫਟ ਸਾਈਨ ਕਰੋ ਅਤੇ ਦੇਗ ਕਰਵਾਉ। ਇਸ ਤਰ੍ਹਾਂ ਗਿਆਨੀ ਜੀ ਨੇ ਬਿਨਾਂ ਪੜ੍ਹੇ ਉਹਨਾਂ ਦੇ ਪ੍ਰਭਾਵ ਵਿੱਚ ਆ ਕੇ ਸਾਈਨ ਕਰ ਦਿੱਤੇ। ਕੜਾਹ ਪ੍ਰਸ਼ਾਦ ਕਰਵਾਇਆ ਤਾਂ ਗਿਆਨੀ ਜੀ ਕਹਿਣ ਲੱਗੇ, 'ਲਿਆਉ, ਹੁਣ ਮੈਂ ਪੜ੍ਹ ਤਾਂ ਲਵਾਂ।' ਪੜ੍ਹਿਆ ਤਾਂ ਉਸ ਵਿੱਚ ਟਾਈਪ ਕੀਤਾ ਹੋਇਆ ਸੀ ਕਿ 'ਚੌਪਈ ਅਤੇ ਅਰਦਾਸ' ਦੇ ਮੁਆਮਲੇ ਵਿੱਚ ਗਿਆਨੀ ਜੀ ਨੇ ਮੁਆਫੀ ਮੰਗ ਲਈ ਹੈ। ਗਿਆਨੀ ਜੀ ਨੇ ਦੱਸਿਆ ਕਿ 'ਜਦੋਂ ਮੈਂ ਇਹ ਪੜ੍ਹਿਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਮੈਂ ਓਹਨਾਂ ਨੂੰ ਕਿਹਾ, 'ਮਸਕੀਨ, ਤੂੰ ਮੇਰੇ ਨਾਲ ਧੋਖਾ ਕੀਤਾ ਹੈ; ਮੈਂ ਆਪਣੀ ਗੱਲ 'ਤੇ ਹੁਣ ਵੀ ਪੂਰੀ ਤਰ੍ਹਾਂ ਕਾਇਮ ਹਾਂ ਕਿ 'ਚੌਪਈ ਅਤੇ ਅਰਦਾਸ ਦੀ ਪਹਿਲੀ ਪਉੜੀ, ਦਸ਼ਮੇਸ਼ ਜੀ ਦੀ ਰਚਨਾ ਨਹੀ'। ਅਸਲ ਵਿੱਚ ਗਿਆਨੀ ਜੀ ਇਸੇ ਕਰਕੇ ਮਸਕੀਨ ਜੀ ਨੂੰ ਰਾਜੌਰੀ ਗਾਰਡਨ ਛੱਡ ਕੇ, ਉਸ ਤੋਂ ਸਮਾਂ ਲੈ ਕੇ ਲਾਜਪਤ ਨਗਰ ਚੱਲੇ ਆਏ ਕਿ ਮੈਂ ਕੁਝ ਸੱਜਣਾਂ ਨਾਲ ਸਲਾਹ ਕਰਨੀ ਹੈ। ਮੈਂ ਆਪਣੀ ਆਖਰੀ ਉਮਰ ਵਿੱਚ ਇਸ ਮਾਫੀ ਵਾਲੇ ਝੂਠ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ। ਖ਼ੈਰ, ਦਾਸ ਅਤੇ ਸ: ਨਰਿੰਦਰਜੀਤ ਸਿੰਘ ਗਿਆਨੀ ਜੀ ਨਾਲ ਗੁਰਦੁਆਰਾ ਰਾਜੌਰੀ ਗਾਰਡਨ ਦਿੱਲੀ ਪੁੱਜੇ। ਅੱਗੇ ਮਸਕੀਨ ਸਾਹਿਬ, ਸਾਈਡ ਦੇ ਬਰਾਂਡੇ ਵਿੱਚ ਇੱਕ ਚਾਰਪਾਈ 'ਤੇ ਬੈਠੇ ਸਨ। ਗਿਆਨੀ ਜੀ ਬੋਲੇ, 'ਮਸਕੀਨ, ਤੂੰ ਪਹਿਲਾਂ ਮੇਰੀ ਪੱਗ ਲਾਹ ਕੇ ਮੇਰੇ ਪੈਰਾਂ ਵਿੱਚ ਸੁੱਟ ਦਿੱਤੀ, ਫਿਰ ਕਹਿ ਦਿੱਤਾ ਕਿ ਮੈਂ ਤੇਰੇ ਸਿਰ 'ਤੇ ਪੱਗ ਰੱਖ ਰਿਹਾ ਹਾਂ।' ਇਸ ਤਰ੍ਹਾਂ ਦੇ ਉਹਨਾਂ ਦੇ ਲਫ਼ਜ਼ ਸਨ ਮਸਕੀਨ ਜੀ ਨਾਲ। ਮਸਕੀਨ ਜੀ ਨੇ ਸਾਡੇ 'ਤੇ ਬਹੁਤ ਜ਼ੋਰ ਪਾਇਆ ਕਿ ਗਿਆਨੀ ਜੀ ਕੋਲੋਂ ਕਥਾ ਕਰਾਵਾਂਗਾ, ਮੁਆਮਲਾ ਰਫ਼ਾ-ਦਫ਼ਾ ਹੋ ਜਾਵੇਗਾ। ਠੀਕ ਜਾਂ ਗਲਤ, ਪਰ ਗਿਆਨੀ ਜੀ ਦੇ ਦ੍ਰਿੜ੍ਹ ਇਰਾਦੇ ਕਾਰਣ ਸਾਡੀ ਵੀ ਇਹੀ ਰਾਏ ਸੀ ਕਿ ਜਦੋਂ ਮੁਆਫੀ ਮੰਗੀ ਹੀ ਨਹੀਂ ਤਾਂ ਸੰਗਤਾਂ ਨੂੰ ਧੋਖੇ ਨਾਲ ਕੁਝ ਹੋਰ ਦੱਸਣਾ ਗੁਰੂ ਪਾਤਸ਼ਾਹ ਦੇ ਸਤਿਕਾਰ ਦੇ ਵਿਰੁੱਧ ਹੈ। ਜਦੋਂ ਗਿਆਨੀ ਜੀ ਨੇ ਪੱਕੀ ਤਰ੍ਹਾਂ ਕਹਿ ਦਿੱਤਾ ਕਿ 'ਮੇਰਾ ਫੈਸਲਾ, ਚੌਪਈ ਅਤੇ ਅਰਦਾਸ ਦੀ ਪਹਿਲੀ ਪਉੜੀ ਬਾਰੇ, ਉਹੀ ਹੈ'। ਸੋ ਗਿਆਨੀ ਜੀ ਨੇ, ਮਸਕੀਨ ਨਾਲ, ਇਸ ਝੂਠੇ ਢੰਗ ਵਿੱਚ ਅਲਵਰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਤਾਂ ਮਸਕੀਨ ਸਾਹਿਬ ਆਪਣੀ ਕਾਰ ਵਿੱਚ ਬੈਠ ਕੇ ਅਲਵਰ ਚਲੇ ਗਏ। ਇਸ ਸਾਰੀ ਗੱਲਬਾਤ ਦੇ ਦੌਰਾਨ, ਗਿਆਨੀ ਜੀ ਦੇ ਅੱਥਰੂ ਨਹੀਂ ਸਨ ਰੁਕਦੇ। ਗਿਆਨੀ ਜੀ ਦੇ ਵਿਰੁੱਧ, ਹੁਕਮ-ਨਾਮੇ ਬਾਰੇ ਕਾਫ਼ੀ ਕਿੰਤੂ-ਪ੍ਰੰਤੂ ਵਧ ਚੁੱਕੀ ਸੀ। ਭਾਰਤ ਭਰ ਵਿੱਚੋਂ ਹੀ 1000 ਤੋਂ ਵੱਧ ਚਿੱਠੀਆਂ, ਇਸ ਫ਼ੈਸਲੇ ਵਿਰੁੱਧ ਜਾ ਚੁੱਕੀਆਂ ਸਨ। ਮਸਕੀਨ ਜੀ ਰਾਹੀਂ ਇਸ ਨੂੰ ਜਾਰੀ ਕਰਵਾਉਣ ਵਾਸਤੇ ਪੜਦੇ ਪਿਛਲੀ ਗੱਲ ਵੀ ਮਸਕੀਨ ਜੀ ਦੇ ਸਤਿਕਾਰ 'ਤੇ ਹਾਵੀ ਹੋ ਰਹੀ ਸੀ ਅਤੇ ਉਹਨਾਂ ਨੂੰ ਵੀ ਜਗਹ-ਜਗਹ ਜਵਾਬ ਦੇਣਾ ਮੁਸ਼ਕਲ ਹੋ ਰਿਹਾ ਸੀ।

## ਵਿੱਥ ਵਧੀ ਕਿੱਥੋਂ:-

ਗਿਆਨੀ ਜੀ, ਇੰਦੌਰ ਦੇ ਪ੍ਰੋਗਰਾਮ 'ਤੇ ਸਨ ਅਤੇ ਮਸਕੀਨ ਜੀ ਵੀ ਉੱਥੇ ਹੀ ਪ੍ਰੋਗਰਾਮ ਕਰ ਰਹੇ ਸਨ। ਮਸਕੀਨ ਜੀ ਨੇ ਆਪਣੀ ਆਦਤ ਮੁਤਾਬਕ ਇੱਕ ਜਗ੍ਹਾ 'ਤੇ ਕਿਹਾ, 'ਅਖੰਡਪਾਠ ਗੁਰਮਤਿ ਅਨੁਸਾਰ ਨਹੀਂ।' ਦੂਜੀ ਜਗ੍ਹਾ ਤੇ ਵੱਧ 'ਅਖੰਡਪਾਠ' ਰੱਖੇ ਹੋਏ ਸਨ, ਉਹਨਾਂ ਨੂੰ ਗੁਰਮਤਿ ਅਨੁਸਾਰ ਦੱਸ ਦਿੱਤਾ। ਕਿਸੇ ਜਗ੍ਹਾ 'ਤੇ ਗਿਆਨੀ ਜੀ ਨੇ, ਉਸ ਦੀ ਇਸ ਦੋਰੰਗੀ ਕਥਾ ਬਾਰੇ ਜ਼ਿਕਰ ਕੀਤਾ, ਤਾਂ ਗਿਆਨੀ ਜੀ ਅਤੇ ਮਸਕੀਨ ਸਾਹਿਬ ਵਿੱਚ ਥੋੜ੍ਹੀ ਖਿੱਚਾਤਾਣੀ ਹੋਈ। ਇਸ ਘਟਨਾ ਬਾਰੇ, ਗਿਆਨੀ ਜੀ ਨੇ ਆਪ ਦਿੱਲੀ ਵਿੱਚ ਦਾਸ ਨਾਲ ਜ਼ਿਕਰ ਕੀਤਾ ਸੀ। ਪੁਸਤਕ 'ਦਸਮ ਗ੍ਰੰਥ ਨਿਰਣੈ' ਉਹਨੀ ਦਿਨੀਂ, ਗਿਆਨੀ ਜੀ ਨੇ, ਲਿਖੀ ਤੇ ਪ੍ਰਕਾਸ਼ਤ ਕੀਤੀ ਹੋਈ ਸੀ। ਮਸਕੀਨ ਜੀ ਨੇ ਰਾਜੌਰੀ ਗਾਰਡਨ ਗੁਰਦੁਆਰੇ ਕੁਝ ਦਿਨ ਕਥਾ ਕੀਤੀ ਤਾਂ 'ਦਸਮ ਗ੍ਰੰਥ' ਵਿਚਲੀ ਕੱਚੀ ਬਾਣੀ ਵਿੱਚੋਂ ਕੁਝ ਮਿਸਾਲਾਂ ਵਰਤੀਆਂ। ਦਿੱਲੀ ਵਿੱਚ ਨੌਜਵਾਨਾਂ ਦੀ ਇਸ ਪੱਖੋਂ ਤਿਆਰੀ ਤਾਂ ਸੀ ਪਰ ਇਸ ਉਮਰ ਵਿੱਚ ਜੋਸ਼ ਵੱਧ ਹੁੰਦਾ ਹੈ ਅਤੇ ਦੂਰਦਰਿਸ਼ਟਤਾ ਘੱਟ। ਕੁਝ ਨੌਜੁਆਨਾਂ ਨੇ ਮਸਕੀਨ ਸਾਹਿਬ ਨਾਲ ਬਹਿਸ ਕੀਤੀ ਕਿ ਜੋ ਪ੍ਰਮਾਣ ਉਹਨਾਂ ਵਰਤੇ ਹਨ, ਉਹ ਦਸ਼ਮੇਸ਼ ਜੀ ਦੀ ਰਚਨਾ ਨਹੀਂ। ਮਸਕੀਨ ਜੀ ਦਾ ਉੱਤਰ ਹਠ ਵਾਲਾ ਅਤੇ ਆਪਣੇ-ਆਪ ਨੂੰ ਠੀਕ ਦੱਸਣ ਵਾਲਾ ਸੀ, ਹਾਲਾਂ ਕਿ ਸਬੰਧਤ ਨੌਜੁਆਨ ਮੂਲੋਂ ਠੀਕ ਸਨ। ਦੂਜੇ ਦਿਨ, ਉਹਨਾਂ ਨੇ, 'ਦਸਮ ਗ੍ਰੰਥ' ਵਿੱਚੋਂ ਕੁਝ ਰਚਨਾ ਛਪਵਾ ਕੇ ਸੰਗਤਾਂ ਵਿੱਚ ਵੰਡ ਦਿੱਤੀ ਅਤੇ ਮਸਕੀਨ ਸਾਹਿਬ ਨੂੰ ਬੇਨਤੀ ਕੀਤੀ ਕਿ ਜੇ ਕਰ ਉਹ ਠੀਕ ਹਨ ਤਾਂ ਇਸ਼ਤਿਹਾਰ ਵਿੱਚ ਦਿੱਤੀ, 'ਦਸਮ ਗ੍ਰੰਥ' ਵਿਚਲੀ ਰਚਨਾ ਦੀ ਕਥਾ ਸੰਗਤਾਂ ਵਿੱਚ ਕਰਨ। ਮਸਕੀਨ ਜੀ ਨੇ ਇਸ ਵਿੱਚ ਆਪਣੀ ਬੇਇੱਜ਼ਤੀ ਸਮਝੀ। ਆਪਣੇ ਅਸਰ-ਰਸੂਖ ਦਾ ਫ਼ਾਇਦਾ ਉਠਾ ਕੇ ਉਹਨਾਂ, ਗਿਆਨੀ ਚੇਤ ਸਿੰਘ ਤੇ ਭੌਰਾ ਸਾਹਿਬ ਨੂੰ ਵਰਤਿਆ ਅਤੇ ਭੜਕਾਇਆ ਕਿ ਗਿਆਨੀ ਜੀ ਨੇ ਆਪਣੇ ਗੁੰਡਿਆਂ ਕੋਲੋਂ ਮੇਰੀ ਬੇਇੱਜ਼ਤੀ ਕਰਵਾਈ ਹੈ। ਇਸ ਤਰ੍ਹਾਂ ਇਹ ਖੇਡ ਅੱਗੇ ਤੁਰੀ। ਜਦੋਂ ਕਿ ਇੱਕ ਵਿਦਵਾਨ ਹੋਣ ਦੇ ਨਾਤੇ, ਮਸਕੀਨ ਜੀ ਦਾ ਇਹ ਫਰਜ਼ ਬਣਦਾ ਸੀ ਕਿ ਇਹ ਘਟਨਾ ਗਿਆਨੀ ਜੀ ਦੇ ਨੋਟਿਸ ਵਿੱਚ ਲਿਆਉਂਦੇ ਕਿਉਂਕਿ ਇੱਕ ਤਾਂ ਗਿਆਨੀ ਜੀ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ; ਦੂਜਾ, ਉਹ ਨੌਜਵਾਨ ਵੀ ਗੁੰਡੇ ਨਹੀਂ ਸਨ। ਇਸ ਗੱਲ ਨੂੰ ਮਸਕੀਨ ਜੀ ਵੀ ਚੰਗੀ ਤਰ੍ਹਾਂ ਜਾਣਦੇ ਸਨ। ਵੈਸੇ ਵੀ, ਜਿਸ ਨੂੰ ਗਿਆਨੀ ਜੀ ਦਾ 'ਮੁਆਫ਼ੀਨਾਮਾ' ਦੱਸਿਆ ਗਿਆ, ਉਹ ਕੇਵਲ ਇੱਕ 'ਅਕਾਲ ਤਖ਼ਤ ਸਾਹਿਬ' ਦੇ ਪੈਡ 'ਤੇ ਸੀ ਜਿਸ ਉੱਪਰ ਨਾ ਕੋਈ ਐਂਟਰੀ ਨੰਬਰ ਅਤੇ ਨਾ ਹੀ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਮੋਹਰ ਸੀ। ਗਿਆਨੀ ਜੀ ਆਪਣੇ ਫੈਸਲੇ ਤੋਂ ਅੰਤਮ ਸਮੇਂ ਤੀਕ ਅਡਿੱਗ ਸਨ।

ਗੁਰੂ ਪੰਥ ਦਾ ਦਾਸ,

ਸੁਰਜੀਤ ਸਿੰਘ, ('ਦਸਮ ਗ੍ਰੰਥ ਬਾਰੇ ਚੋਣਵੇਂ ਲੇਖ' ਵਿੱਚੋਂ)

*****

## ਜੰਦਰੇ-ਸੀਲਾਂ ਲੱਗੀਆਂ ਪੇਟੀਆਂ ਗੁਰੂ ਦੀਆਂ ਗੋਲਕਾਂ ਕਿਵੇਂ ?

ਗੁਰਚਰਨ ਸਿੰਘ ਮਿਸ਼ਨਰੀ, ਮੋਹਾਲੀ

ਸਿੱਖ ਸਮਾਜ ਦੀ ਵਿਗੜ ਚੁੱਕੀ ਹਾਲਤ ਵਿੱਚ ਸੁਧਾਰ ਕਰਨ ਲਈ ਇਸ ਸਮੇਂ ਵੱਡੇ ਉੱਦਮ ਅਤੇ ਯਤਨਾਂ ਦੀ ਲੋੜ ਹੈ। ਸੁਧਾਰ ਲਹਿਰ ਦੀ ਵਿਉਂਤ ਘੜਨ ਅਤੇ ਉਪਰੰਤ ਇਸ ਵਿਉਂਤ ਨੂੰ ਵਿਹਾਰਕ ਸ਼ਕਲ ਦੇ ਕੇ ਲਾਗੂ ਕਰਨ ਉੱਤੇ ਬਹੁਤ ਮਿਹਨਤ ਅਤੇ ਸਮਾਂ ਲੱਗੇਗਾ। ਤੁਰੰਤ ਸੁਧਾਰ ਕਰਨ ਲਈ ਅਤੇ ਚੰਗੇ ਨਤੀਜੇ ਪ੍ਰਾਪਤ ਕਰਨ ਲਈ ਸਿੱਖ ਸੰਗਤਾਂ ਵੱਲੋਂ ਜ਼ਰਾ ਜਿੰਨੀ ਜਾਗਰਤਾ, ਸਿਆਣਪ ਅਤੇ ਮਾਮੂਲੀ ਜਿਹਾ ਉੱਦਮ ਕਰਨ ਦੀ ਲੋੜ ਹੈ। ਜੇ ਸਿੱਖ ਸੰਗਤਾਂ ਦੀ ਇੱਛਾ ਹੋਵੇ, ਤਾਂ ਹੇਠ ਬਿਆਨੇ ਤਰੀਕੇ ਰਾਹੀਂ ਕੌਮੀ ਸੁਧਾਰ ਤੇਜ਼ੀ ਨਾਲ ਕੀਤਾ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਮੂਹਰੇ ਰੱਖੀਆਂ ਗੋਲਕਾਂ ਯਕਦਮ ਹਟਾ ਦਿੱਤੀਆਂ ਜਾਣ। ਜੇ ਕਰ ਆਗੂ ਫੰਡਜ਼ ਦੀ ਬਰਬਾਦੀ ਕਰਨ ਨੂੰ ਬੰਦ ਨਹੀਂ ਕਰਦੇ ਤਾਂ ਗੁਰੂ ਦੀ ਗੋਲਕ ਦੇ ਭਰਮ ਹੇਠ ਸੰਗਤਾਂ ਜੋ ਮਾਇਆ ਦੇ ਕੇ ਗੁਰੂ ਦੀ ਹਸਤੀ ਨੂੰ ਰੋਲਣ ਲਈ ਇਹਨਾਂ ਪ੍ਰਬੰਧਕਾਂ ਨੂੰ ਉਤਸ਼ਾਹਤ ਕਰ ਰਹੀਆਂ ਹਨ, ਗੋਲਕਾਂ ਵਿੱਚ ਮਾਇਆ ਪਾਉਣੀ ਬੰਦ ਕਰ ਦੇਣ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਮੂਹਰੇ ਰੱਖੀ ਪੇਟੀ ਗੁਰੂ ਦੀ ਗੋਲਕ ਨਹੀਂ ਹੈ। ਭਾਈ ਨੰਦ ਲਾਲ ਜੀ ਆਪਣੇ ਤਨਖਾਹਨਾਮੇ ਵਿੱਚ ਲਿੱਖਦੇ ਹਨ: 'ਗੋਲਕ ਰਾਖਹਿ ਨਾਹਿ, ਨਹਿ ਛਲ ਕਰ ਕਰਹਿ ਵਪਾਰ।' ਭਾਈ ਚੌਪਾ ਸਿੰਘ ਆਪਣੇ ਰਹਿਤਨਾਮੇ ਵਿੱਚ ਗੁਰੂ ਸਾਹਿਬ ਦਾ ਸੰਦੇਸ਼ ਦੱਸਦੇ ਹਨ: 'ਗੁਰੂ ਕਾ ਸਿਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।' ਅੱਜ ਛੋਟੇ ਤੋਂ ਲੈ ਕੇ ਵੱਡੇ ਗੁਰਦੁਆਰੇ ਤੱਕ ਵਿੱਚ ਕਾਬਜ਼ ਪ੍ਰਬੰਧਕਾਂ ਅਤੇ ਵਿਰੋਧੀ ਪਾਰਟੀਆਂ ਦੇ ਆਪਸੀ ਝਗੜੇ, ਮੁਕੱਦਮੇਬਾਜ਼ੀਆਂ, ਬਾਹਵਾਂ ਅਤੇ ਹਥਿਆਰਾਂ ਨਾਲ ਜ਼ੋਰ ਅਜ਼ਮਾਈ ਦੇ ਕੌਤਕ ਵਾਪਰਣ ਦਾ ਕਾਰਣ ਕੇਵਲ ਇਹ ਗੋਲਕ ਹੈ। ਗੋਲਕਾਂ ਵਿੱਚ ਪਾਈ ਜਾ ਰਹੀ ਮਾਇਆ ਦੀ ਆਮਦ ਅਤੇ ਇਸ ਦੀ ਕੁਵਰਤੋਂ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਗੋਲਕਾਂ ਉੱਤੇ ਕਬਜ਼ਾ ਜਮਾਉਣ ਲਈ ਪ੍ਰਬੰਧਕਾਂ ਦੇ ਆਪਸ ਵਿੱਚ ਲੜ-ਮਰਨ ਉੱਪਰ ਕਿਸੇ ਨੂੰ ਬਹੁਤਾ ਇਤਰਾਜ਼ ਨਹੀਂ ਹੋਵੇਗਾ। ਵੱਡਾ ਇਤਰਾਜ਼ ਇਹਨਾਂ ਪ੍ਰਬੰਧਕਾਂ ਅਤੇ ਇਹਨਾਂ ਵੱਲੋਂ ਨੌਕਰੀ 'ਤੇ ਰੱਖੇ ਵਜ਼ੀਰਾਂ, ਗ੍ਰੰਥੀਆਂ, ਰਾਗੀਆਂ, ਸੇਵਾਦਾਰਾਂ ਵੱਲੋਂ ਗੁਰੂ-ਬਾਣੀ ਦੀ ਵਿਚਾਰਧਾਰਾ ਦਾ ਬੇੜਾ ਗ਼ਰਕ ਕਰਨ ਉੱਤੇ ਹੈ। ਅੱਜ ਗੁਰਦੁਆਰਾ ਚੋਣਾਂ ਕਾਰਣ ਗੁਰੂ ਨਾਨਕ ਦੇ ਘਰ ਵਿੱਚ ਹੀ ਘਰ ਦੇ ਮਾਲਕ (ਗੁਰੂ ਨਾਨਕ) ਦੇ ਉਪਦੇਸ਼ਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਗੁਰਦੁਆਰਾ ਚੋਣਾਂ ਜਿੱਤਣ ਦੇ ਲਾਲਚ ਹੇਠ ਇਹਨਾਂ ਪ੍ਰਬੰਧਕਾਂ ਵੱਲੋਂ ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਸਿਧਾਂਤਾਂ ਅਤੇ ਅਤਿ ਸੁੰਦਰ ਉਪਦੇਸ਼ਾਂ ਨੂੰ ਛਿੱਕੇ ਉੱਪਰ ਟੰਗ ਦਿੱਤਾ ਗਿਆ ਹੈ। ਇਹਨਾਂ ਚੋਣਾਂ ਦੀ ਭੈੜੀ ਰਵਾਇਤ ਨੇ ਜਾਤ-ਪਾਤੀ ਸਿਸਟਮ ਮੁੜ ਕੇ ਸਿੱਖ ਸਮਾਜ ਵਿੱਚ

ਉਜਾਗਰ ਕਰ ਦਿੱਤਾ ਹੈ, ਜਿਸ ਨੂੰ ਸਤਿਗੁਰਾਂ ਨੇ ਜੜ੍ਹ ਤੋਂ ਉਖਾੜ ਦਿੱਤਾ ਸੀ। ਜਾਤਾਂ ਅਤੇ ਬਰਾਦਰੀਆਂ ਦੇ ਨਾਂ 'ਤੇ ਵੋਟਾਂ ਇਕੱਤਰ ਕੀਤੀਆਂ ਜਾਂਦੀਆਂ ਹਨ। ਇਸ ਗੋਲਕ ਦੀ ਖਿੱਚ ਕਾਰਣ ਆਪਸੀ ਦੁਸ਼ਣਬਾਜ਼ੀ, ਨੀਵੀਂ ਪੱਧਰ ਦਾ ਭੰਡੀ-ਪ੍ਰਚਾਰ ਆਦਿ ਬੁਰਾਈਆਂ ਗੁਰੂ ਨਾਨਕ ਦੇ ਦਰਬਾਰ ਵਿੱਚ ਦੇਖਣ ਨੂੰ ਮਿਲ ਰਹੀਆਂ ਹਨ। ਇਸ ਗੋਲਕ ਕਾਰਣ ਹੀ ਪ੍ਰਬੰਧਕ ਲਾਣਾ ਕੁਰਾਹੇ ਹੀ ਨਹੀਂ ਪੈ ਗਿਆ ਬਲਕਿ ਆਪ ਖਵਾਰ ਹੋ ਰਿਹਾ ਹੈ ਅਤੇ ਸੰਗਤਾਂ ਨੂੰ ਖੁਆਰ ਕਰ ਰਿਹਾ ਹੈ। ਗੁਰੂ ਨਾਨਕ ਦੀਆਂ ਇਹਨਾਂ ਪਾਠਸ਼ਾਲਾਵਾਂ ਵਿੱਚ ਸੰਗਤਾਂ ਨੇ ਜੀਵਨ ਦਾ ਮਨੋਰਥ ਤਾਂ ਕੀ ਹਾਸਲ ਕਰਨਾ ਸੀ, ਜੋ ਥੋੜ੍ਹਾ-ਬਹੁਤ ਪੱਲੇ ਸੀ ਉਹ ਵੀ ਗਵਾ ਲਿਆ ਹੈ। ਦੁਨੀਆਂ ਭਰ ਦੇ ਕਰਮ-ਕਾਂਡ, ਭਰਮ-ਵਹਿਮ, ਥੋਥੀਆਂ ਰਸਮਾਂ, ਪੂਜਾਵਾਂ, ਬੇਲੋੜੇ ਰਟਣ, ਵੱਖ-ਵੱਖ ਵਿਧੀਆਂ ਅਤੇ ਰੇਟਾਂ ਵਾਲੇ ਮੰਨਤਾਂ ਨਾਲ ਜੁੜੇ ਅਖੰਡ ਪਾਠ, ਹਰ ਕਿਸਮ ਦਾ ਭੇੜ ਪ੍ਰਚੱਲਤ ਹੋ ਚੁੱਕਾ ਹੈ। ਵੇਖਣ ਵਿੱਚ ਆਉਂਦਾ ਹੈ ਕਿ ਬਹੁਤੇ ਪ੍ਰਬੰਧਕ ਗੁਰੂ ਗ੍ਰੰਥ ਸਾਹਿਬ ਦੀ ਆੜ ਵਿੱਚ ਆਪਣੀ ਹੋਂਦ ਪੱਕੀ ਕਰਨ ਦੇ ਆਹਰੇ ਲੱਗੇ ਹੋਏ ਹਨ। ਇਸ ਲਈ, ਸੰਗਤਾਂ ਨੂੰ ਵੱਧ ਤੋਂ ਵੱਧ ਕੁਰਾਹੇ ਪਾਉਣ ਲਈ ਕੋਈ ਨਵੀਂ ਅਤੇ ਅਨੋਖੀ ਸ਼ੂਤਰੀ ਛੱਡਦੇ ਜਾ ਰਹੇ ਹਨ। ਪੰਥਕ ਫੰਡ ਨੂੰ ਇਤਨੀ ਬੇਦਰਦੀ ਨਾਲ ਰੋੜ੍ਹਦੇ ਹਨ ਜਿਵੇਂ ਸਿੱਖਾਂ ਦਾ 'ਲੁੱਟ ਦਾ ਮਾਲ' ਹੋਵੇ। ਨਿੱਜੀ ਸਵਾਰਥਾਂ ਦੀ ਹਿਰਸ ਰੱਖਦੇ ਹੋਏ, ਇਹ ਪ੍ਰਬੰਧਕ ਲੋਕ ਜਦੋਂ ਗੁਰੂ ਦੇ ਘਰ ਅੰਦਰ ਸਿਆਸੀ ਲੀਡਰਾਂ (ਮੌਕੇ ਦੀ ਪਾਰਟੀ ਦੇ ਮਿਊਂਸਪਲ ਕਮੇਟੀ ਮੈਂਬਰਾਂ ਤੋਂ ਲੈ ਕੇ ਮੰਤਰੀਆਂ ਤੱਕ) ਨੂੰ ਸੱਦ ਕੇ ਝੂਠੀ ਸ਼ਲਾਘਾ, ਚਾਪਲੂਸੀ ਕਰਦੇ ਹਨ ਅਤੇ ਸ਼ਰਧਾਂਜਲੀਆਂ ਤੇ ਕਾਜ਼ੀ-ਮੁੱਲਾਂ ਵਾਲੇ ਸਿਰੋਪੇ ਅਰਪਣ ਕਰਨ ਦੇ ਚਾਅ ਵਿੱਚ ਫੁੱਲੇ ਨਹੀਂ ਸਮਾਉਂਦੇ ਤਾਂ ਉਦੋਂ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਕਰਿਆਂਦ ਨੂੰ ਵੇਖ ਕੇ ਹਰ ਇੱਕ ਸਿੱਖ ਸ਼ਰਧਾਲੂ ਸ਼ਰਮ ਨਾਲ ਨਜ਼ਰਾਂ ਨੀਵੀਆਂ ਕਰ ਲੈਂਦਾ ਹੈ। ਪਤਾ ਨਹੀਂ ਗੁਰਦੁਆਰੇ ਦੀ ਚੌਧਰ ਪੱਕੀ ਕਰਨ ਅਤੇ ਗੋਲਕ ਉੱਪਰ ਕੁੰਡਲੀਏ ਸੱਪ ਵਾਂਗ ਕਬਜ਼ਾ ਰੱਖਣ ਲਈ ਗੁਰੂ ਦੀ ਹਸਤੀ ਨੂੰ ਕਿਉਂ ਰੋਲਦੇ ਹਨ? ਗੁਰੂ ਦਾ ਜ਼ਰਾ ਜਿੰਨਾਂ ਭਉ ਨਹੀਂ ਰੱਖਦੇ।

ਇਹ ਵੀ ਪੱਕਾ ਵਿਸ਼ਵਾਸ ਹੈ ਕਿ ਪ੍ਰਬੰਧਕ ਸੱਜਣ ਗੋਲਕਾਂ ਹਟਾਉਣ ਲਈ ਕਦੀ ਸਹਿਮਤ ਨਹੀਂ ਹੋਣ ਲੱਗੇ ਅਤੇ ਜੇਕਰ ਸੰਗਤਾਂ ਵੀ ਗੋਲਕ ਵਿੱਚ ਮਾਇਆ ਪਾਉਣ ਵਾਲੀ ਆਦਤ ਨਹੀਂ ਛੱਡਦੀਆਂ (ਕਿਉਂਕਿ ਆਦਤਾਂ ਅਤੇ ਅੰਨ੍ਹੀ ਸ਼ਰਧਾ ਦੀਆਂ ਰੀਤਾਂ ਹੌਲੀ-ਹੌਲੀ ਜਾਂਦੀਆਂ ਹਨ) ਤਾਂ ਇਹਨਾਂ ਗੋਲਕਾਂ ਦਾ ਕੇਵਲ ਪਾਸਾ (ਦਿਸ਼ਾ) ਬਦਲ ਦਿੱਤਾ ਜਾਵੇ। ਇਹਨਾਂ ਨੂੰ ਲੰਮੇ ਰੁਖ, ਰਾਗੀਆਂ ਦੀ ਸਟੇਜ ਦੇ ਸਾਹਮਣੇ ਵਾਲੇ ਪਾਸੇ (ਭਾਵ ਸਜੇ ਪਾਸੇ) ਚਾਰ ਫੁੱਟ ਉੱਚਾ ਐਂਗੁਲਰ ਫਿਕਸ ਕਰ ਕੇ ਟਿਕਾ ਦੇਣਾ ਚਾਹੀਦਾ ਹੈ। ਇਸ ਦੇ ਪਿੱਛੇ ਕਮੇਟੀ ਜਿਸ ਮੈਂਬਰ ਨੂੰ ਭਰੋਸੇਯੋਗ ਸਮਝਦੀ ਹੋਵੇ, ਖੜ੍ਹਾ ਕਰ ਦੇਵੇ। (ਜੇ ਵੱਖਰੀ ਵਰਦੀ ਪਾਉਣਾ ਚਾਹੁਣ ਤਾਂ ਆਪਣੀ ਪਹਿਚਾਣ ਕਰਾਉਣ ਲਈ ਪਾ ਲਵੇ)। ਦੂਜਾ ਬਦਲ ਹੈ ਦੀਵਾਨ ਹਾਲ ਦੇ ਮੇਨ ਦਰਵਾਜ਼ੇ ਪਾਸ, ਅੰਦਰ ਵਾਰ ਇਸ ਗੋਲਕ ਨੂੰ ਟਿਕਾ ਦਿੱਤਾ ਜਾਵੇ। ਸੰਗਤਾਂ ਵੱਲੋਂ ਦੀਵਾਨ ਹਾਲ ਵਿੱਚ ਦਾਖ਼ਲ ਹੁੰਦੇ ਸਾਰ, ਸਾਂਝੇ ਤੌਰ 'ਤੇ, ਭਾਵ ਪਰਵਾਰ ਦੇ ਮੁਖੀ ਵੱਲੋਂ, ਉਸ ਵਿੱਚ ਦਰਸ਼ਨ ਭੇਟ ਵਾਲੀ ਮਾਇਆ ਪਾ ਦਿੱਤੀ ਜਾਵੇ (ਪਰਵਾਰ ਦੇ ਹਰ ਮੈਂਬਰ ਵਲੋਂ ਵੱਖਰੇ-ਵੱਖਰੇ ਮਾਇਆ ਭੇਟ ਕਰਨ ਦੀ ਦਿਖਾਵੇ ਵਾਲੀ ਡਰਾਮੇਬਾਜ਼ੀ ਦਾ ਕੀ ਮਤਲਬ ਹੈ?)। ਵੈਸੇ ਵੀ ਗੁਰੂ ਨੂੰ ਮਾਇਆ ਦੀ ਲੋੜ ਨਹੀਂ। ਇਹ ਮਾਇਆ ਪ੍ਰਬੰਧਕਾਂ ਨੂੰ ਫਜ਼ੂਲ ਖਰਚੀ ਲਈ ਚਾਹੀਦੀ ਹੈ, ਜੋ ਗਰੇਨਾਈਟ ਅਤੇ ਮਾਰਬਲ ਉੱਤੇ ਲਗਾਉਂਦੇ ਜ਼ਰਾ ਸੰਕੋਚ ਨਹੀਂ ਕਰਦੇ। ਕਈ ਥਾਂਵੇਂ ਇਸ ਮਾਇਆ ਨਾਲ ਗੁਰਦਵਾਰਿਆਂ ਉੱਪਰ ਕਾਬਜ਼ ਰਹਿਣ ਲਈ ਵੋਟਾਂ ਖਰੀਦੀਆਂ ਜਾਂ ਹਥਿਆਈਆਂ ਜਾਂਦੀਆਂ ਹਨ। ਚੰਗਾ ਹੋਵੇ 50 ਰੁਪਏ ਤੋਂ ਉੱਪਰ ਭੇਟਾ 'ਕਰਾਸ ਚੈੱਕ' ਰਾਹੀਂ ਦਿੱਤੀ ਜਾਵੇ। ਮੱਥਾ ਟੇਕਣ ਵਕਤ ਵੀ ਭਾਂਤ-ਭਾਂਤ ਦੀਆਂ ਮਸ਼ਕਾਂ ਕੀਤੀਆਂ ਜਾਂਦੀਆਂ ਹਨ। ਗੁਰੂ ਮੂਹਰੇ ਸੀਸ ਖੜ੍ਹੇ ਹੋ ਕੇ ਵੀ ਝੁਕਾਇਆ ਜਾ ਸਕਦਾ ਹੈ। ਮੱਥਾ ਟੇਕਣਾ ਇੱਕ ਕਹਾਵਤ ਹੈ, ਗੱਲ ਤਾਂ ਮਨ ਨੂੰ ਗੁਰੂ ਦੇ ਅਰਪਣ ਕਰਨ ਦੀ ਹੈ। ਗੁਰਬਾਣੀ ਸੇਧ ਦਿੰਦੀ ਹੈ: "ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥" (ਰਵਿਦਾਸ, ਪੰ. 525)। ਜ਼ਮੀਨ ਉੱਤੇ ਮੱਥਾ ਰਗੜਣ ਦੀ ਬਜਾਏ ਮਨ, ਜੋ ਹਉਮੈ ਨਾਲ ਨੱਕੋ-ਨੱਕ ਭਰਿਆ ਹੁੰਦਾ ਹੈ, ਨੂੰ ਝੁਕਾਉਣਾ ਜਾਂ ਨੀਵਾਂ ਕਰਨਾ ਹੁੰਦਾ ਹੈ ਭਾਵ ਗੁਰੂ ਦੀ ਸਿੱਖਿਆ ਗ੍ਰਹਿਣ ਕਰਨੀ ਅਤੇ ਉਸ ਸਿੱਖਿਆ ਨੂੰ ਸੱਚ ਕਰ ਕੇ ਮੰਨਣਾ ਹੀ 'ਮੱਥਾ ਟੇਕਣਾ' ਹੈ। 'ਮਨ ਨੀਵਾਂ ਮਤਿ ਉੱਚੀ' ਕਰਨ ਦੀ ਆਦਤ ਸਦਾ ਲਾਹੇਵੰਦ ਹੋਵੇਗੀ। ਮਤਿ ਉੱਚੀ ਨਾ ਹੋਣ ਕਾਰਣ, ਮਾਇਆ ਠੱਗਣ ਦੀ ਭਾਵਨਾ ਰੱਖ ਕੇ, ਪ੍ਰਬੰਧਕਾਂ ਵੱਲੋਂ ਕਈ ਪ੍ਰਕਾਰ ਦੀਆਂ ਚਤੁਰਾਈਆਂ, ਚਲਾਕੀਆਂ, ਹੁਸ਼ਿਆਰੀਆਂ ਦਾ ਸਹਾਰਾ ਲਿਆ ਜਾਂਦਾ ਹੈ। ਨੁਮਾਇਸ਼ੀ ਚੰਗਿਆਈਆਂ ਅਤੇ ਸਿਆਣਪਾਂ ਕਿਸੇ ਨੂੰ ਕੋਈ ਆਤਮਕ ਲਾਭ ਨਹੀਂ ਦੇ ਸਕਦੀਆਂ। ਦੁਨਿਆਵੀ ਪ੍ਰਾਪਤੀਆਂ ਹਾਸਲ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਆੜ ਵਿੱਚ ਪ੍ਰਬੰਧਕ-ਜਨ ਕਈ ਕਿਸਮ ਦੇ ਢੌਂਗ ਰਚ ਕੇ ਸੰਗਤਾਂ ਨਾਲ ਧੋਖਾ ਕਰਦੇ ਜਾ ਰਹੇ ਹਨ।

ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮਾਇਆ ਇਕੱਤਰ ਕਰਨ ਅਤੇ ਆਪਣੀ ਚੌਧਰ ਪੱਕੀ ਕਰਨ ਲਈ ਰੁਮਾਲਿਆਂ ਹੇਠ ਸਜਾ ਕੇ ਰੱਖਿਆ ਹੋਇਆ ਹੈ। ਗੁਰੂ ਦਾ ਨਾਂ ਵਰਤ ਕੇ ਨਿੱਜੀ ਸਵਾਰਥ ਪੂਰਾ ਕਰਦੇ ਹਨ, ਭਾਵ ਗੁਰੂ ਗ੍ਰੰਥ ਸਾਹਿਬ ਨੂੰ ਨਿੱਜੀ ਸਵਾਰਥ ਪੂਰਤੀ ਦਾ ਸਾਧਨ ਸਮਝਦੇ ਹਨ। ਪ੍ਰਬੰਧਕ ਸਮਝ ਰਹੇ ਹਨ ਕਿ ਇਸ ਗ੍ਰੰਥ ਦਾ ਕੋਈ ਵਾਲੀ-ਵਾਰਸ ਨਹੀਂ ਰਿਹਾ; ਕਿਸੇ ਵੀ ਨਿਕੰਮੇ ਜਾਂ ਘਟੀਆ ਮਕਸਦ ਦੀ ਪੂਰਤੀ ਲਈ ਜਿਸ ਤਰ੍ਹਾਂ ਮਰਜ਼ੀ ਹੋਵੇ ਵਰਤ ਕੇ ਅਤੇ ਮਕਸਦ ਪੂਰਾ ਕਰਨ ਉਪਰੰਤ ਕਮਰੇ ਵਿੱਚ ਸੁੱਖ-ਆਸਨ ਕਰ ਛੱਡਿਆ।

ਹਰ ਇੱਕ ਇਕੱਠ ਵਿੱਚ ਗੁਰੂ ਕੇ ਲੰਗਰ ਉੱਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ। ਛੋਟੇ-ਵੱਡੇ ਪ੍ਰੋਗਰਾਮਾਂ ਦੇ ਨਾਲ ਖੀਰ ਅਤੇ ਜਲੇਬੀਆਂ ਵਾਲੇ ਗੁਰੂ ਕੇ ਲੰਗਰ ਦਾ ਲਾਲਚ ਦੇ ਕੇ ਸੰਗਤਾਂ ਨੂੰ ਗੁਰਦੁਆਰੇ ਸੱਦਿਆ ਜਾਂਦਾ ਹੈ। ਜੇ ਇਹ ਗੁਰੂ ਕਾ ਲੰਗਰ ਹੈ ਤਾਂ ਕੇਵਲ ਇੱਕ-ਅੱਧਾ ਫੁਲਕਾ ਅਤੇ ਭਾਜੀ, (Disposable) ਪੇਪਰ-ਪਲੇਟਾਂ ਜਾਂ ਪੱਤਲਾਂ ਉੱਤੇ ਰੱਖ ਕੇ ਛਕਣ ਤੱਕ ਹੀ ਸੀਮਤ ਕਰ ਦਿੱਤਾ ਜਾਵੇ। ਜਿਸ ਨੂੰ ਜ਼ਿਆਦਾ ਭੁੱਖ ਲੱਗੀ ਹੋਵੇ, ਉਹ ਘਰ ਜਾ ਕੇ ਪੇਟ ਭਰ ਕੇ ਖਾ ਲਵੇ। ਇਸ ਤਰ੍ਹਾਂ ਫੰਡਜ਼ ਬਚਾ ਕੇ ਗ਼ਰੀਬਾਂ ਦੀਆਂ ਬਸਤੀਆਂ ਵਿੱਚ ਖੁੱਲ੍ਹੇ ਲੰਗਰ ਲੋੜਵੰਦਾਂ ਲਈ ਅਤੇ ਪਿਛੜੇ ਵਰਗ ਦੇ ਗ਼ਰੀਬ ਪਰਵਾਰਾਂ ਵਿੱਚ ਵਰਤਾਏ ਜਾਣ। ਬਜਟ ਦਾ ਵੱਡਾ ਹਿੱਸਾ ਗ਼ਰੀਬ ਬੱਚਿਆਂ ਦੀ ਪੜ੍ਹਾਈ, ਰੋਜ਼ਗਾਰ ਲਈ ਤਕਨੀਕੀ ਜਾਂ ਕਾਰੋਬਾਰੀ ਸਿਖਲਾਈ ਅਤੇ ਸਿਹਤ ਸਬੰਧੀ ਕਾਰਜਾਂ ਲਈ ਖਰਚਿਆ ਜਾਣਾ ਗੁਰੂ ਦੀ ਉੱਤਮ ਸੇਵਾ ਹੈ। ਇਹ ਕਾਰਜ ਮੌਜੂਦਾ ਗੁਰਦੁਆਰਾ ਪ੍ਰਬੰਧਕਾਂ ਦੇ ਸੋਚ,-ਪੱਧਰ ਤੋਂ ਬਾਹਰ ਦੀ ਗੱਲ ਹੈ। ਅਮੀਰ ਸਿੱਖ ਪਰਵਾਰਾਂ ਨੂੰ ਗਰੀਬਾਂ ਦਾ ਹੱਕ ਮਾਰ ਕੇ ਆਪਣੇ ਪੇਟ, ਜੋ ਪਹਿਲਾਂ ਹੀ ਆਫ਼ਰੇ ਹੋਏ ਹਨ, ਭਰਨੇ ਸ਼ੋਭਾ ਨਹੀਂ ਦਿੰਦਾ। ਇਹ ਸ਼ਰਮਨਾਕ ਗੱਲ ਹੈ। ਗ਼ਰੀਬ ਸਿੱਖ ਲੋਬਾਣੇ, ਸਿਕਲੀਗਰ, ਵਣਜਾਰੇ ਪਰਵਾਰਾਂ ਦੀਆਂ ਬੀਬੀਆਂ ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜ ਕੇ ਅਤੇ ਨੌਜਵਾਨ ਸਾਈਕਲ-ਰਿਕਸ਼ੇ ਚਲਾ ਕੇ ਪਰਵਾਰ ਦਾ ਪਾਲਣ-ਪੋਸ਼ਣ ਕਰਦੇ ਹਨ। ਇੱਧਰ ਗੁਰੂ ਕੇ ਸਿੱਖ, ਗੁਰੂ ਦੇ ਸਾਹਮਣੇ ਅਮੀਰਾਨਾ ਪਕਵਾਨ (ਮਲਕ ਭਾਗੋ ਦੇ ਭੋਜ) ਖਾ ਕੇ ਗੁਰੂ ਦੇ ਮੂੰਹ 'ਤੇ ਚਪੇੜ ਮਾਰ ਕੇ ਲੱਖ-ਲੱਖ ਵਧਾਈਆਂ ਲੈ ਰਹੇ ਹਨ।

"ਸਰਮ ਧਰਮ ਦੁਇ ਛਪਿ ਖਲੋਏ ਕੂੜਿ ਫਿਰੈ ਪ੍ਰਧਾਨ ਵੇ ਲਾਲੋ॥"
(ਮ.1, ਪੰ. 722)

ਇਸ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਵਿੱਚ ਲਿਖੀ ਬਾਨੀ ਜਾਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਦੀ ਰਵਾਇਤ ਹੀ ਸਮਾਪਤ ਕਰ ਦਿੱਤੀ ਹੋਈ ਹੈ। ਗੁਰੂ-ਬਾਣੀ ਦਾ ਫੁਰਮਾਨ ਹੈ:

ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥2॥
(ਮ.3, ਪੰ. 644)

(ਭਾਵ ਸ਼ਬਦ ਦਾ ਭੇਦ ਜਾਣੇ ਬਗ਼ੈਰ ਪ੍ਰਬੰਧਕਾਂ ਸਮੇਤ ਸਾਰਾ ਸੰਸਾਰ ਪਾਗਲ ਹੋਇਆ ਪਿਆ ਹੈ) ਕਿਉਂਕਿ ਪ੍ਰਬੰਧਕ ਵੀ ਗੁਰੂ ਦੇ ਸ਼ਬਦ ਦਾ ਸਵਾਦ ਨਹੀਂ ਜਾਣਦੇ, ਯਥਾ: "ਰਤਨ ਮਣੀ ਗਲ ਬਾਂਦਰੈ ਕਿਹੁ ਕੀਮ ਨ ਜਾਣੈ॥ ਕੜਛੀ ਸਾਉ (ਸਵਾਦ) ਨ ਸੰਮਲੈ ਭੋਜਨ ਰਸ ਖਾਣੈ॥ ਡਡੂ ਚਿਕੜ ਵਾਸ ਹੈ ਕਵਲੈ ਨ ਸਿਞਾਣੈ॥" (ਭਾਈ ਗੁਰਦਾਸ ਜੀ)। ਭਾਵ ਬਾਂਦਰ ਦੇ ਗਲ਼ ਵਿੱਚ ਪਈ ਹੋਈ ਮਣੀ ਦਾ ਮੁੱਲ ਉਸ ਬਾਂਦਰ ਨੂੰ ਨਹੀਂ ਪਤਾ, ਕੜਛੀ ਸਵਾਦੀ ਭੋਜਨ ਦੇ ਸਵਾਦ ਦਾ ਰਸ ਨਹੀਂ ਲੈਂਦੀ, ਡੱਡੂ ਚਿੱਕੜ ਵਿੱਚ ਰਹਿ ਕੇ ਖੁਸ਼ ਰਹਿੰਦਾ ਹੈ, ਕੰਵਲ ਫੁੱਲ ਦੀ ਖੁਸ਼ਬੂ ਦੀ ਪਹਿਚਾਣ ਨਹੀਂ ਰੱਖਦਾ। ਤਿਵੇਂ ਪ੍ਰਬੰਧਕ, ਉਛਾਲੇ ਮਾਰਦੀ ਹਉਮੈ ਕਾਰਣ, ਜਿਸ ਗੁਰੂ ਦੀ ਦੇਹ ਨੂੰ ਪਾਲਕੀ ਵਿੱਚ ਸਜਾ ਕੇ ਸੜਕਾਂ ਉੱਪਰ ਘੁਮਾਉਂਦੇ ਫਿਰਦੇ ਹਨ, ਉਸ ਦੇ ਕੀਮਤੀ ਉਪਦੇਸ਼ਾਂ ਦੀ, ਬਾਂਦਰ ਦੇ ਗਲ਼ ਪਏ ਰਤਨਾਂ ਦੀ ਨਿਆਈਂ, ਸੂਝ ਨਹੀਂ ਰੱਖਦੇ; ਗੁਰੂ ਦੇ ਸ਼ਬਦ ਦਾ ਸਵਾਦ ਨਹੀਂ ਜਾਣਦੇ। ਉਹ ਹੈਂਕੜ ਵਿੱਚ ਆਪਣੇ-ਆਪ ਨੂੰ ਉੱਚਾ ਸਮਝ ਲੈਂਦੇ ਹਨ ਪਰ ਸ਼ਬਦ ਦੀ ਵੀਚਾਰ ਨਹੀਂ ਕਰਦੇ।

"ਓਨਾ ਆਪਣੀ ਅੰਦਰਿ ਸੁਧਿ ਨਹੀਂ ਗੁਰ ਬਚਨਿ ਨ ਕਰਹਿ ਵਿਸਾਸ॥" (ਮ.3, ਪੰ.)

ਹੋਰ ਅਜੂਬਾ ਵੇਖੋ! ਮੇਨ ਦੀਵਾਨ ਹਾਲ ਵਿੱਚ ਰੱਖੀ ਗੋਲਕ ਨੂੰ ਭਿਅੰਕਰ ਕਿਸਮ ਦੇ ਮੋਟੇ ਤਾਲੇ ਮਾਰ ਕੇ, ਇਨ੍ਹਾਂ ਜੰਦਰਿਆਂ ਉੱਪਰ ਕਪੜਾ ਚੜ੍ਹਾ ਕੇ ਲਾਖ (ਸੀਲਿੰਗ ਵੈਕਸ) ਨਾਲ ਮੋਹਰਾਂ ਅਤੇ ਟੈਗ ਲਗਾ ਕੇ ਦੋ ਜਾਂ ਤਿੰਨ ਕਮੇਟੀ ਮੈਂਬਰਾਂ ਦੇ ਦਸਤਖ਼ਤ ਕਰਵਾਏ ਜਾਂਦੇ ਹਨ। ਇਸ ਦਾ ਸਿੱਧਾ-ਪੱਧਰਾ ਅਰਥ ਨਿਕਲਦਾ ਹੈ ਕਿ ਜਿਨ੍ਹਾਂ ਪ੍ਰਬੰਧਕਾਂ ਦਾ ਜੀਵਨ-ਮਿਆਰ ਦੂਜਿਆਂ ਲਈ ਚਾਨਣ-ਮੁਨਾਰਾ ਹੋਣਾ ਲੋੜੀਂਦਾ ਹੈ, ਉਹ ਆਪ ਹੀ ਆਪਣਾ ਤਮਾਸ਼ਾ ਬਣਾਈ ਬੈਠੇ ਹਨ, ਭਾਵ ਉਹਨ੍ਹਾਂ ਦਾ ਆਪਸ ਵਿੱਚ ਇੱਕ-ਦੂਜੇ ਉੱਤੇ ਅਤੇ ਉਹਨਾਂ ਵੱਲੋਂ ਹੀ ਨਿਯੁਕਤ ਕੀਤੇ ਗਏ ਗੁਰਦੁਆਰਾ ਸਟਾਫ਼ ਉੱਪਰ ਭਰੋਸਾ ਨਹੀਂ ਟਿਕ ਰਿਹਾ। ਲੁਟੇਰਿਆਂ, ਠੱਗਾਂ ਤੇ ਬਦਮਾਸ਼ਾਂ ਦੇ ਅੱਡਿਆਂ ਵਾਲੇ ਵੀ ਆਪਸੀ ਵਿਹਾਰ ਵਿੱਚ ਸਹਿਜ-ਸੁਭਾਏ, ਪਰਸਪਰ ਈਮਾਨਦਾਰੀ ਅਤੇ ਭਰੋਸੇ ਵਰਗੇ ਗੁਣ ਰੱਖਦੇ ਹਨ। ਗੁਰਦੁਆਰਾ ਤਾਂ ਹੈ ਹੀ ਧਾਰਮਕ ਸੰਸਥਾ, ਜਿੱਥੇ ਰਬ ਦਾ ਭਉ, ਸੱਚਾਈ, ਈਮਾਨਦਾਰੀ, ਪਾਰਦਰਸ਼ਤਾ, ਵਿਸ਼ਵਾਸ, ਉੱਚਾ-ਸੁੱਚਾ ਆਚਰਨ, ਨਿਮਰਤਾ ਆਦਿ ਸਦ ਗੁਣ ਸੁਭਾਵਕ ਹੀ ਹੋਣੇ ਚਾਹੀਦੇ ਹਨ।

ਜਲੂਸਾਂ, ਛਬੀਲਾਂ, ਮਹਿੰਗੇ ਪਕਵਾਨਾਂ ਵਾਲੇ ਲੰਗਰਾਂ ਤੇ ਲੰਗਰ ਹਾਲ ਦੇ ਲੈਂਟਰ ਪਾਉਣ ਉੱਤੇ ਹੀ ਸਾਰਾ ਜ਼ੋਰ ਦਿੱਤਾ ਜਾ ਰਿਹਾ ਹੈ। ਧਾਰਮਕ ਪੁਸਤਕਾਂ (ਸਾਹਿਤ) ਪੜ੍ਹਣ ਦਾ ਰਿਵਾਜ ਹੀ ਖ਼ਤਮ ਕਰ ਦਿੱਤਾ ਗਿਆ ਹੈ। ਹਰ ਵੇਲੇ, ਥਾਂ-ਥਾਂ ਮਲਕ ਭਾਗੋ ਨੁਮਾ ਗਰੀਬਾਂ ਦੇ ਲਹੂ ਚੋਂਦੇ ਲੰਗਰ ਖਾਂਦੇ ਰਹਿਣਾ, ਵਿੱਦਿਆ ਅਤੇ ਗੁਰਮਤਿ-ਗਿਆਨ ਵੱਲੋਂ ਮੂੰਹ ਫੇਰੀ ਰੱਖਣਾ, ਇਹ ਮਨੁੱਖਾਂ ਵਾਲਾ ਕਰਮ ਨਹੀਂ, ਪਸ਼ੂ-ਬਿਰਤੀ ਹੈ। ਗੁਰਬਾਣੀ ਦਾ ਉਪਦੇਸ਼ ਹੈ: "ਵਿਦਿਆ ਵੀਚਾਰੀ ਤਾਂ ਪਰ ਉਪਕਾਰੀ॥" (ਪੰ. 356) (ਭਾਵ ਜੇ ਕੋਈ ਗਿਆਨ ਹਾਸਲ ਕਰ ਕੇ ਹੋਰਨਾਂ ਮਨੁੱਖਾਂ ਦੀ ਭਲਾਈ ਕਰਦਾ ਹੈ ਤਾਂ ਸਮਝੋ ਉਸ ਨੇ ਵਿੱਦਿਆ ਹਾਸਲ ਕੀਤੀ ਹੈ ਅਤੇ ਵੀਚਾਰੀ ਹੈ, ਇਹ ਵਿੱਦਿਆ ਵੰਡਣਾ ਪਰਉਪਕਾਰ ਦਾ ਕੰਮ ਹੈ)। ਗੁਰਦੁਆਰਿਆਂ ਅੰਦਰ ਰੱਖੀਆਂ ਗੋਲਕਾਂ ਕਿਸੇ ਸੂਰਤ ਗੁਰੂ ਦੀਆਂ ਗੋਲਕਾਂ ਨਹੀਂ ਹਨ, ਨਾ ਹੀ ਗੁਰੂ ਸਾਹਿਬ ਨੂੰ ਪਰਾਏ ਹੱਕ ਮਾਰ ਕੇ ਕਮਾਈ ਮਾਇਆ ਦੀ ਲੋੜ ਹੈ, ਨਾ ਹੀ ਇਹ ਗੁਰੂ ਨੂੰ ਭੇਟਾ ਕਰਨ ਦਾ ਸਤਿਕਾਰਤ ਢੰਗ ਹੈ। (ਇੱਕ ਸ਼ੰਕਾ ਇਹ ਖੜ੍ਹਾ

ਕੀਤਾ ਜਾਂਦਾ ਹੈ ਕਿ ਗੋਲਕ ਵਿੱਚ ਮਾਇਆ ਨਾ ਪਏ ਤਾਂ ਗੁਰਦੁਆਰੇ ਦਾ ਖਰਚ ਕਿਵੇਂ ਚੱਲੇਗਾ ? ਇਸ ਦਾ ਉੱਤਰ ਮੰਦਰ, ਮਸਜਿਦ, ਗਿਰਜੇ ਦੇ ਆਗੂਆਂ ਪਾਸੋਂ ਪੁੱਛਿਆ ਜਾ ਸਕਦਾ ਹੈ, ਜੋ ਗੋਲਕਾਂ ਨਹੀਂ ਰੱਖਦੇ ਪਰ ਆਪਣੀਆਂ ਸੰਸਥਾਵਾਂ ਦਾ ਗੁਰਦੁਆਰਿਆਂ ਨਾਲੋਂ ਵਧੀਆ ਅਤੇ ਸ਼ਰਾਫ਼ਤ ਨਾਲ ਇੰਤਜ਼ਾਮ ਕਰਦੇ ਹਨ। ਗੁਰਦੁਆਰਾ ਪ੍ਰਬੰਧਕਾਂ ਨੇ ਤਾਂ ਆਮਦਨ ਦੇ ਕਈ ਹੋਰ ਢੰਗ-ਤਰੀਕੇ ਵੀ ਅਪਨਾ ਰੱਖੇ ਹਨ, ਜਿਵੇਂ ਅਖੰਡ ਪਾਠਾਂ ਦੀ ਭੇਟਾ ਰੁ. 2100, ਸਹਿਜ ਪਾਠ 1500, ਸੁਖਮਨੀ ਸਾਹਿਬ ਦਾ ਪਾਠ 150, ਖਾਲੀ ਅਰਦਾਸ 51 ਰੁਪਏ, ਅਨੰਦ ਕਾਰਜ ਦੀ ਫੀਸ 200 ਰੁਪਏ, ਮਿਰਤਕ ਦੀ ਅਰਦਾਸ ਰੁ. 101 ਆਦਿ। ਉੱਪਰ ਦੇ ਖਰਚੇ, ਅਰਦਾਸੀਏ, ਕੜਾਹ ਪ੍ਰਸ਼ਾਦਿ, ਸੇਵਾਦਾਰਾਂ ਦੀ ਭੇਟਾ ਵੱਖਰੀ ਰੱਖੀ ਹੈ। ਪਗੜੀ ਲੈ ਕੇ ਦੁਕਾਨਾਂ ਦੀ ਆਮਦਨ ਵੀ ਬਣਾ ਰੱਖੀ ਹੈ। (ਪਤਾ ਨਹੀਂ ਬਲੈਕ ਕਰ ਕੇ ਵੇਚੀਆਂ ਦੁਕਾਨਾਂ ਦਾ ਹਿਸਾਬ ਕਿਵੇਂ ਰੱਖਦੇ ਹਨ)। ਸੱਚ ਪੁੱਛੋ ਤਾਂ ਇਹ ਗੁਰਦੁਆਰੇ ਰਹਿਣ ਹੀ ਨਹੀਂ ਦਿੱਤੇ ਗਏ, ਗੁਰਬਾਣੀ ਦੇ ਬਿਉਪਾਰ ਲਈ ਸ਼ਾਪਿੰਗ ਪਲਾਜ਼ੇ ਬਣਾ ਦਿੱਤੇ ਗਏ ਹਨ।

ਇਸ ਸਮੁੱਚੇ ਭੈੜ ਨੂੰ ਠੱਲ੍ਹ ਪਾਉਣ ਲਈ ਅਤੇ ਕੌਮੀ ਫੰਡਜ਼ ਦੀ ਬਰਬਾਦੀ ਉੱਪਰ ਰੋਕ ਲਗਾਉਣ ਲਈ ਗੋਲਕਾਂ ਵਿੱਚ ਮਾਇਆ ਪਾਉਣੀ ਬੰਦ ਕਰ ਕੇ ਸਮਾਜਕ ਭਲਾਈ ਵਾਲੇ ਕਾਰਜ ਕਰਨ ਦਾ ਰਾਹ ਪਕੜੋ। ਹਰ ਵੇਲੇ ਢਿੱਡਾਂ ਵਿੱਚ ਖੀਰਾਂ ਵਾਲੇ ਲੰਗਰ ਉਤਾਰੀ ਜਾਣ ਨਾਲ ਕੌਮ ਦਾ ਕੱਖ ਨਹੀਂ ਸੰਵਰ ਸਕਦਾ। ਜਿਨ੍ਹਾਂ ਗੁਰਸਿੱਖ ਪਰਵਾਰਾਂ ਪਾਸ ਸਮਰੱਥਾ ਹੋਵੇ, ਉਹ ਇੱਕ ਗਰੀਬ ਸਿੱਖ ਬੱਚੇ/ਬੱਚੀ ਨੂੰ ਵਜ਼ੀਫਾ ਦੇ ਕੇ ਦਸਵੀਂ ਤੱਕ ਜਾ ਅਗਲੇਰੀਆਂ ਜਮਾਤਾਂ ਤੱਕ ਪੜ੍ਹਾਉਣ ਦੀ ਜ਼ਿੰਮੇਦਾਰੀ ਸੰਭਾਲਣ। ਇਸ ਤਰ੍ਹਾਂ ਖਰਚ ਕੀਤੀ ਮਾਇਆ ਵੱਧ ਸਕਾਰਥੀ ਹੋਵੇਗੀ। ਵਿੱਦਿਆ ਦੇ ਪਾਸਾਰ ਨਾਲ ਕੌਮੀ ਜਹਾਲਤ ਦੂਰ ਹੋਵੇਗੀ ਅਤੇ ਧਾਰਮਕ ਪੜ੍ਹਾਈ ਨਾਲ ਸਮਾਜਕ ਬੁਰਾਈਆਂ ਆਦਿ ਖ਼ਤਮ ਕਰਨ ਦਾ ਰਾਹ ਪੱਧਰਾ ਹੋਵੇਗਾ। ਅਕਲ ਤੋਂ ਕੰਮ ਲੈਣਾ ਮਨੁੱਖੀ ਗੁਣ ਹੈ, ਯਥਾ:

ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨ ॥
ਅਕਲੀ ਪੜਿ ਕੇ ਬੁਝੀਐ, ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ (ਮ.1, ਪੰ. 1245)

ਸ਼ੈਤਾਨਾਂ ਵਾਲੇ ਕੰਮ ਤਿਆਗ ਕੇ ਸੱਚਾ ਰਾਹ ਪਕੜਨਾ ਚਾਹੀਦਾ ਹੈ। ਚੋਣਾਂ ਰਾਹੀਂ ਕਦੀ ਵੀ ਸੁਲਝੇ ਹੋਏ, ਈਮਾਨਦਾਰ, ਸਿਆਣੇ, ਗੁਰਸਿੱਖ ਪ੍ਰਬੰਧਕੀ ਢਾਂਚੇ ਵਿੱਚ ਨਹੀਂ ਆ ਸਕਦੇ। ਗੁਰਦੁਆਰਾ ਇਮਾਰਤਾਂ ਭਾਵ ਇੱਟਾਂ, ਸੀਮੈਂਟ, ਪੱਥਰ ਲਈ ਮਾਇਆ ਭੇਂਟ ਕਰਨ ਦੀ ਥਾਵੇਂ ਸਿੱਖ ਪੰਥ ਦੀ ਨੀਂਹ ਭਾਵ ਸਿੱਖ ਪਨੀਰੀ ਨੂੰ ਗੁਰਮਤਿ-ਗਿਆਨ ਅਤੇ ਸਕੂਲੀ ਵਿੱਦਿਆ ਮੁਹੱਈਆ ਕਰਵਾ ਕੇ ਕੌਮੀ ਨੀਂਹ ਪੱਕੀ ਕਰੋ। ਗੁਰਦੁਆਰਾ ਪ੍ਰਬੰਧਕਾਂ ਪਾਸੋਂ ਡਰਨ ਦੀ ਲੋੜ ਨਹੀਂ ਹੈ। ਇਹ ਸਿੱਖ ਪਰਵਾਰਾਂ ਦੀ ਖ਼ੂਨ-ਪਸੀਨੇ ਦੀ ਕਮਾਈ ਪਾਣੀ ਵਾਂਗ ਰੋੜ੍ਹ ਰਹੇ ਹਨ। ਸੋਨੇ ਦੀਆਂ ਕਹੀਆਂ ਅਤੇ ਪਰਾਤਾਂ ਨਾਲ ਗਾਰ ਕੱਢਣ ਦੀ ਥਾਵੇਂ, ਰਤਨਾਂ ਨਾਲ ਜੜੇ ਗੁਰਬਾਣੀ- ਸ਼ਬਦਾਂ ਭਾਵ ਅਮੋਲਕ ਗੁਰਮਤਿ-ਗਿਆਨ ਰਾਹੀਂ ਗੁਰਦੁਆਰਿਆਂ ਅਤੇ ਆਪਣੇ ਪਰਵਾਰਾਂ ਵਿੱਚੋਂ ਮਨਮਤ ਦੀ ਗਾਰ ਕੱਢਣ ਦਾ ਰਾਹ ਪਕੜੋ। ਇਹੋ ਸਿਆਣਪ ਵਾਲੀ ਸੋਚਣੀ ਹੋਵੇਗੀ। ਸਿੱਖ ਪਰਵਾਰਾਂ ਦੇ ਆਚਰਣ ਨੂੰ ਸੋਨੇ ਵਰਗਾ ਵਧੀਆ ਬਣਾਉਣ ਦੀ ਲੋੜ ਹੈ। ਪ੍ਰਬੰਧਕਾਂ ਦੀਆਂ ਕੁਚਾਲਾਂ ਵਿੱਚ ਸੰਗਤਾਂ ਕਿਉਂ ਫਸਦੀਆਂ ਜਾ ਰਹੀਆਂ ਹਨ। ਸੰਗਤਾਂ ਨੂੰ ਆਪਣੀ ਸੋਚ ਦਾ ਨਜ਼ਰੀਆ ਬਦਲਣਾ ਚਾਹੀਦਾ ਹੈ। ਲਕੀਰ ਦੇ ਫਕੀਰ ਬਣਨਾ ਛੱਡ ਕੇ ਜ਼ਮਾਨੇ ਦੇ ਮੇਚੇ ਮੁਤਾਬਕ ਰਾਹ ਬਣਾਓ। ਜਿਹੜੇ ਸਿੱਖ ਪਰਵਾਰਾਂ ਦੀਆਂ ਫੈਕਟਰੀਆਂ ਅਤੇ ਵਰਕਸ਼ਾਪਾਂ ਹਨ, ਕਿਸੇ ਇੱਕ ਸਿੱਖ ਨੌਜਵਾਨ ਨੂੰ ਸਿਖਿਆ ਦੇ ਕੇ ਚੰਗਾ ਕਾਰੀਗਰ ਤਿਆਰ ਕਰੋ ਤਾਂ ਕਿ ਉਹ ਆਪਣੇ ਰੁਜ਼ਗਾਰ ਪੱਖੋਂ ਆਤਮ ਨਿਰਭਰ ਹੋ ਜਾਵੇ ਅਤੇ ਦਰ-ਦਰ ’ਤੇ ਜ਼ਲੀਲ ਨਾ ਹੁੰਦਾ ਰਹੇ। ਇਹ ਤਰੀਕਾ ਵੀ ਗੁਰੂ ਦੀ ਗੋਲਕ ’ਚ ਭੇਟਾ ਦੇਣ ਤੁਲ ਹੈ। ਹਰ ਵੇਲੇ ‘ਸੁਖੀ ਬਸੇ ਮੋਰੋ ਪਰਵਾਰਾ’ ਤੱਕ ਆਪਣੇ-ਆਪ ਨੂੰ ਸੀਮਤ ਰੱਖਣਾ ਸਾਨੂੰ ਕੁਰਾਹੇ ਪਾ ਰਿਹਾ ਹੈ। ਇਹ ਗੁਰੂ ਨਾਨਕ ਦਾ ਸਿਧਾਂਤ ਨਹੀਂ ਹੋ ਸਕਦਾ। ਨੱਚਣ-ਟੱਪਣ ਜਾਂ ਮਾਡਲਾਂ ਦੇ ਪੇਸ਼ੇ ਨਾਲ ਕੌਮ ਦੀ ਭਲਾਈ ਨਹੀਂ ਹੋਣ ਲੱਗੀ। ਭੰਡਾਂ, ਮਰਾਸੀਆਂ, ਨਰਤਕੀਆਂ ਅਤੇ ਖੁਸਰਿਆਂ ਵਾਲਾ ਪ੍ਰੋਫੈਸ਼ਨ ਕੌਮ ਨੂੰ ਡੂੰਘੀ ਖਾਈ ਵਿੱਚ ਜਾ ਸੁੱਟੇਗਾ। ਇਹ ਪ੍ਰੋਫੈਸ਼ਨ ਮਾਨਵਤਾ ਦੇ ਕਿਸੇ ਕੰਮ ਨਹੀਂ ਆਉਣ ਲੱਗੇ। ਗੁਰਦੁਆਰਾ ਪ੍ਰਬੰਧਕਾਂ ਜਾਂ ਸਿਆਸੀ ਲੀਡਰਾਂ ਦੇ ਪਿੱਛਲੱਗ ਬਣਨ ਦੀ ਥਾਂਵੇਂ, ਗੁਰੂ ਦੀ ਸਿੱਖਿਆ ਵੱਲ ਮੂੰਹ ਕਰੋ। ਗੁਰੂ ਦੇ ਦਸਵੰਧ ਨੂੰ ਗੁਰੂ ਦੇ ਪੰਥ ਦੀ ਬਿਹਤਰੀ ਲਈ ਵਰਤੋ। ਗੋਲਕਾਂ ਭਰਨ ਨਾਲ ਵਿਗਾੜ ਵਧਦਾ ਜਾ ਰਿਹਾ ਹੈ। ਇਸ ਨੂੰ ਰੋਕਣ ਦਾ ਯਤਨ ਕਰੋ। ਗੁਰੂ ਦੇ ਸ਼ਬਦਾਂ ਦੀ ਵੀਚਾਰ ਕਰੋ। ਥਾਂ-ਥਾਂ ਮੱਥੇ ਟੇਕਣ ਦੀ ਬਜਾਏ, “ਪੀਊ ਦਾਦੇ” ਦੇ “ਖਜ਼ਾਨੇ” ਨੂੰ ਖੋਲ੍ਹ ਕੇ ਪੜ੍ਹੋ ਅਤੇ ਵੀਚਾਰੋ।

ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੇ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥
(ਮ.3, ਪੰ. 594)

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥
ਗੁਰ ਕੇ ਭੈ ਕੀ ਸਾਰ ਨ ਜਾਣਹਿ ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥
(ਪੰ., 1054)

(ਭਾਵ ਗੁਰੂ ਦੀ ਸਿੱਖਿਆ ਨੂੰ ਵਿਸਾਰ ਕੇ ਅਥਵਾ ਗੁਰੂ ਦੀ ਸਿੱਖਿਆ ਨੂੰ ਵਿਅਰਥ ਸਮਝ ਕੇ ਆਪਣੀ ਮਤਿ ਨੂੰ ਸ੍ਰੇਸ਼ਟ ਸਮਝਣ ਵਾਲਾ ਮਨਮੁਖ ਹੁੰਦਾ ਹੈ। ਮਨਮੁਖਾਂ ਬਾਰੇ ਗੁਰਦੇਵ ਜੀ ਦੇ ਬੇਅੰਤ ਸ਼ਬਦਾਂ ਵਿੱਚੋਂ ਵੰਨਗੀ

ਮਾਤਰ ਫੁਰਮਾਨ ਹੈ: ਜੋ ਲੋਕ ਗੁਰੂ ਦੇ ਸ਼ਬਦ ਦੀ ਵੀਚਾਰ ਨਹੀਂ ਕਰਦੇ ਅਤੇ ਹੋਰਨਾਂ ਨੂੰ ਇਸ ਦੀ ਵੀਚਾਰ ਤੋਂ ਵਾਂਝਿਆਂ ਰੱਖਦੇ ਹਨ, ਉਹ ਮੂਰਖ ਅਤੇ ਕੱਚੇ ਹਨ (ਮੂੜ ਨਰੁ ਕਾਚੇ), ਭਾਵ ਬੇਵਿਸ਼ਵਾਸੇ ਹਨ ਅਤੇ "ਜਿਨੁ ਗੁਰ ਗੋਪਿਆ ਆਪਣਾ ਤੇ ਨਰਿ ਬੁਰਆਰੀ॥ ਹਰਿ ਜੀਉ ਤਿਨ ਕੇ ਦਰਸਨ ਨਾ ਕਰੋ ਪਾਪਿਸਟ ਹਤਿਆਰੀ॥ (ਪੰ. 651) ਭਾਵ ਪਾਪੀ ਅਤੇ ਗੁਰੂ ਦੇ ਹਤਿਆਰੇ ਹਨ। ਜੀਵਨ ਵਿਚ ਦਸ ਹਜ਼ਾਰ ਵਾਰ ਪੜ੍ਹਿਆ ਹੋਵੇਗਾ "ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇ॥" ਸ਼ਬਦ ਦੀ ਵੀਚਾਰ ਤੋਂ ਬਿਨਾ ਇਹ ਲੋਕ ਆਤਮਕ ਤੌਰ 'ਤੇ ਅੰਨ੍ਹੇ ਅਤੇ ਬੋਲ਼ੇ ਹੀ ਨਹੀਂ ਬਲਕਿ ਆਤਮਕ ਤੌਰ 'ਤੇ ਮਰ ਚੁੱਕੇ ਹਨ। ਸੰਗਤਾਂ ਨੂੰ ਬੇਸੁਰਤੀ ਦੀ ਹਾਲਤ ਵਿੱਚੋਂ ਬਾਹਰ ਕੱਢਣਾ ਵੱਡਾ ਪੰਥਕ ਕਾਰਜ ਹੈ। ਬਹੁਤੇ ਗੁਰਦੁਆਰਾ ਪ੍ਰਬੰਧਕ, ਜਿਹੜੇ ਗੁਰ-ਉਪਦੇਸ਼ਾਂ ਦੀ ਰੱਤੀ ਭਰ ਜਾਣਕਾਰੀ ਨਹੀਂ ਰੱਖਦੇ, ਗੁਰੂ ਨਾਨਕ ਸਾਹਿਬ ਦੀ ਵੀਚਾਰਧਾਰਾ ਨੂੰ ਵੰਗਾਰਦੇ ਵੇਖੇ ਗਏ ਹਨ।

ਗੁਰਦੁਆਰਿਆਂ ਵਿੱਚ ਵਰਤਾਏ ਜਾ ਰਹੇ ਭੰਡਾਰੇ, ਜੇ 'ਗੁਰੂ ਕੇ ਲੰਗਰ' ਹੁੰਦੇ ਤਾਂ ਜੱਟ-ਭਾਪੇ, ਰਾਮਗੜ੍ਹੀਆ, ਮਜ਼੍ਹਬੀ ਬਰਾਦਰੀਆਂ ਅਤੇ ਉੱਚੀ-ਨੀਵੀਂ ਜਾਤੀ ਦੇ ਵਿਤਕਰੇ ਜਾਂ ਅਮੀਰ-ਗ਼ਰੀਬ ਸਿੱਖਾਂ ਦਾ ਪਾੜਾ ਵਧਦਾ ਕਿਉਂ ਜਾ ਰਿਹਾ ਹੈ? ਸਰਦੇ-ਪੁੱਜਦੇ ਸਿੱਖ ਪਰਵਾਰਾਂ ਵੱਲੋਂ ਖੀਰਾਂ ਨਾਲ ਢਿੱਡ ਭਰਨੇ ਜਾਂ ਡੋਲੂ ਭਰ ਕੇ ਘਰਾਂ ਨੂੰ ਲੈ ਜਾਣੇ ਸ਼ੋਭਾ ਨਹੀਂ ਦਿੰਦਾ। ਇਹ ਸ਼ਰਮਨਾਕ ਹੈ। ਜੋ ਸੱਜਣ ਗੁਰੂ ਨਾਨਕ ਦੇ ਪ੍ਰਤੱਖ ਦਰਸ਼ਨ ਕਰਨ ਦੇ ਚਾਹਵਾਨ ਹਨ ਤਾਂ ਉਹ ਗੁਰੂ ਨੂੰ ਇਹਨਾਂ ਗ਼ਰੀਬ ਕਿਰਤੀ ਸਿੱਖਾਂ ਦੇ ਘਰਾਂ ਦੇ ਨੇੜੇ-ਤੇੜੇ ਹੀ ਮਿਲ ਸਕਦੇ ਹਨ। "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕ ਤਿਨ ਕੇ ਸੰਗਿ ਸਾਥ ਵੱਡਿਆ ਸਿਉ ਕਿਆ ਰੀਸਿ॥" (ਪੰ. 15) ਵਾਯੂ-ਅਨੁਕੂਲ ਕੋਠੀਆਂ ਵਾਲੀ ਸੜਕ ਉੱਪਰ ਗੁਰੂ ਨਾਨਕ ਸਾਹਿਬ ਦੀ ਰਿਹਾਇਸ਼ ਨਹੀਂ ਹੋ ਸਕਦੀ। ਅਮੀਰਾਨਾ ਭੋਜਨਾਂ ਵਾਲੇ ਮਲਕ ਭਾਗੋ ਦੇ ਪਕਵਾਨਾਂ ਤੋਂ ਬਚਾਈ ਮਾਇਆ ਕਿਸੇ ਪੰਥਕ ਭਲਾਈ ਦੇ ਅਜਿਹੇ ਕਾਰਜਾਂ ਵਿੱਚ ਵਰਤੀ ਜਾ ਸਕਦੀ ਹੈ ਜਿਸ ਰਾਹੀਂ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਬਾਣੀ ਹੈ (ਜਿਸ ਨੂੰ ਅਸੀਂ 'ਧੁਰ ਕੀ ਬਾਣੀ' ਕਹਿੰਦੇ ਹਾਂ, ਜੋ ਸੰਸਾਰ ਦੇ ਹਰ ਇੱਕ ਮਨੁੱਖ ਲਈ ਪਰਉਪਕਾਰੀ ਗੁਣ ਅਤੇ ਸੇਧ ਰੱਖਦੀ ਹੈ), ਸਮੁੱਚੀ ਮਾਨਵਤਾ ਦੀ ਭਲਾਈ ਦਾ ਟੀਚਾ ਮਿਥ ਕੇ, ਇਸ ਦੇ ਆਲਮਗੀਰੀ ਸਿਧਾਂਤਾਂ ਅਤੇ ਸਿੱਖਿਆਵਾਂ ਦੀ ਜਾਣ-ਪਛਾਣ ਕਰਵਾਈ ਜਾਵੇ। ਇਸ ਬ੍ਰਹਮ ਸਬੰਧੀ ਗਿਆਨ-ਭੰਡਾਰ ਨੂੰ ਮਾਇਆ ਇਕੱਤਰ ਕਰਨ ਅਤੇ ਨਿੱਜੀ ਹੋਂਦ ਚਮਕਾਉਣ ਦਾ ਵਸੀਲਾ ਨਾ ਬਣਾਇਆ ਜਾਵੇ। ਸਾਧਾਰਨ ਸਿੱਖ ਪਰਵਾਰਾਂ ਦੇ ਮੈਂਬਰ ਕੁਰਾਹੇ ਪਾਉਂਦੀਆਂ ਸ਼ੂਤਰੀਆਂ ਤੋਂ ਪ੍ਰਭਾਵਤ ਹੋ ਕੇ ਜਹਾਲਤ ਦੇ ਪਰਲੇ ਸਿਰੇ ਤੱਕ ਪੁੱਜ ਚੁੱਕੇ ਹਨ। ਸਿੱਖ ਪਰਵਾਰਾਂ ਦੇ ਮੈਂਬਰ, ਛਲਾਵੇ ਦੇ ਭੇਦ ਨੂੰ ਬਿਨਾ ਪਛਾਣੇ, ਪ੍ਰਬੰਧਕਾਂ ਦੀਆਂ ਅਪੀਲਾਂ ਮਗਰ ਲੱਗ ਤੁਰਦੇ ਹਨ। ਲੋੜਵੰਦ ਸਿੱਖ ਪਰਵਾਰਾਂ ਦੀ ਹਰ ਪੱਖੋਂ ਸੰਭਾਲ ਕਰਨਾ ਹੀ ਗੁਰੂ ਨੂੰ ਪਸੰਦ ਹੈ। ਹਾਲ ਦੀ ਘੜੀ ਗੋਲਕਾਂ ਨੂੰ ਕੁਝ ਵਰ੍ਹਿਆਂ ਲਈ ਕਿਸੇ ਪਿਛਲੇ ਕਮਰੇ ਵਿੱਚ ਬੰਦ ਕਰ ਦੇਣਾ ਲਾਹੇਵੰਦ ਰਹੇਗਾ। ਜਦ ਗੁਰਦੁਆਰਿਆਂ ਵਿੱਚ ਸੱਚੇ-ਸੁੱਚੇ ਗੁਰਸਿੱਖੀ ਜੀਵਨ ਵਾਲੇ ਗੁਰਸਿੱਖ ਪ੍ਰਬੰਧ ਸੰਭਾਲ ਲੈਣਗੇ, ਫਿਰ ਇਹਨਾਂ ਗੋਲਕਾਂ ਦੀ ਸਾਫ਼-ਸਫ਼ਾਈ ਕਰਵਾ ਕੇ ਦੀਵਾਨ ਹਾਲ ਦੇ ਬਾਹਰ ਵਾਰ ਰੱਖਿਆ ਜਾ ਸਕਦਾ ਹੈ।

*****

## ਹਿੰਦੂਆਂ ਦਾ ਜਾਤੀ ਵਰਣਨਾਮਾ ਅਤੇ ਸਿੱਖ

ਡਾ. ਜਸਬੀਰ ਸਿੰਘ ਸਰਨਾ

'ਹਿੰਦੂ' ਸ਼ਬਦ ਦੀ ਪ੍ਰੀਭਾਸ਼ਾ ਅਜੇ ਤੱਕ ਕੋਈ ਵਿਦਵਾਨ ਸਪਸ਼ਟ ਨਹੀਂ ਦੇ ਸਕਿਆ। ਇਸ ਸ਼ਬਦ ਨੂੰ ਜਦੋਂ ਪੀਅਰਸ ਇਨਸਾਇਕਲੋਪੀਡੀਆ (Pears Encyclopedia, J.48, Edited by Christopher cook, 93) ਵਿੱਚ ਵੇਖਿਆ ਗਿਆ ਤਾਂ ਇਸ ਸ਼ਬਦ ਦੀ ਹੋਂਦ ਫ਼ਾਰਸੀ ਭਾਸ਼ਾ ਤੋਂ ਮੰਨੀ ਗਈ ਹੈ ਜਿਸ ਦਾ ਮਤਲਬ ਹੈ ਚੋਰ, ਠੱਗ ਆਦਿ ਆਦਿ।

ਇਹ ਸ਼ਬਦ ਹਿੰਦੁਸਤਾਨ ਦੇ ਲੋਕਾਂ ਜਾਂ ਇੰਡੋ-ਗੈਨਗਿਟਿੱਕ ਖਿੱਤੇ ਦੇ ਸੱਭਿਆਚਾਰ ਲਈ ਵਰਤਿਆ ਜਾਂਦਾ ਸੀ। ਅਠਵੀਂ ਸ਼ਤਾਬਦੀ ਵਿੱਚ ਮੁਸਲਮਾਨਾਂ ਵਿੱਚ ਇਹ ਸ਼ਬਦ ਬੜਾ ਮਕਬੂਲ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 'ਹਿੰਦੂ' ਸ਼ਬਦ ਕਿਤੇ ਵੀ ਪੁਰਾਤਨ ਆਰੀਆ ਗ੍ਰੰਥਾਂ, ਵੇਦਾਂ, ਸੰਸਕ੍ਰਿਤ ਸ਼ਾਸਤਰਾਂ ਆਦਿ ਵਿੱਚ ਮੌਜੂਦ ਨਹੀਂ ਹੈ। ਇਹ ਸ਼ਬਦ ਅਸਲ ਵਿੱਚ ਮੁਸਲਮਾਨ ਹਮਲਾਵਰਾਂ ਵੱਲੋਂ ਆਰੀਆ ਵਾਸੀਆਂ ਲਈ ਖਾਸ ਖਿੱਤੇ ਵਿੱਚ ਰਹਿਣ ਵਾਲਿਆਂ ਲਈ ਵਰਤਿਆ ਗਿਆ ਸੀ। ਸਿਆਸੀ ਹਾਲਾਤ, ਸਿਆਸੀ ਤਾਕਤ ਅਤੇ ਧਾਰਮਕ ਕੱਟੜਪੁਣੇ ਵਾਲੇ ਮੁਸਲਮਾਨਾਂ ਦੀ ਵਿਕਾਸ ਪ੍ਰਕਿਰਿਆ 'ਹਿੰਦੂ-ਧਰਮ' ਦਾ ਕਾਨਸੈਪਟ ਦੇਣ ਲਈ ਜ਼ਿੰਮੇਵਾਰ ਸਨ। ਲਗਾਤਾਰ ਵਿਕਾਸ ਪ੍ਰਕਿਰਿਆ ਅਤੇ ਆਮ ਆਦਮੀ ਦੇ ਅਣਜਾਣਪੁਣੇ ਕਾਰਣ ਹੀ ਭਾਰਤ ਦੇ ਲੋਕ 'ਹਿੰਦੂਇਜ਼ਮ' ਨੂੰ ਧਰਮ ਸਮਝ ਬੈਠੇ ਸਨ। ਕਈ ਭਾਰਤ ਵਾਸੀ 'ਹਿੰਦੂ' ਸ਼ਬਦ ਦੀ ਹੋਂਦ 'ਸਿੰਧੂ' ਦਾ ਵਿਗੜਿਆ ਰੂਪ ਸਮਝਦੇ ਹਨ। ਪਰ ਇਸ ਦਾ ਉਹ ਕੋਈ ਖ਼ਾਸ ਸਬੂਤ ਨਹੀਂ ਦੇ ਸਕੇ। 1947 ਤੋਂ ਪਹਿਲਾਂ 'ਸਿੰਧੂ' ਇੱਕ ਦਰਿਆ ਸੀ, ਇਹ ਕਿਸੇ ਖਾਸ ਸਮੁਦਾਇ ਦਾ ਨਾਂ ਨਹੀਂ ਸੀ। ਸਿੰਧੂ ਖਿੱਤੇ ਦੇ ਲੋਕਾਂ ਨੂੰ ਅੱਜ ਵੀ ਸਿੰਧੀ ਕਿਹਾ ਜਾਂਦਾ ਹੈ ਨਾ ਕਿ ਹਿੰਦੀ ਜਾ ਹਿੰਦੂ। ਜਿਵੇਂ ਕਿ ਅਸੀਂ ਜਾਣਦੇ ਹਾਂ ਸਿੰਧੀ ਲੋਕਾਂ ਦੀਆਂ ਰੀਤਾਂ, ਰਸਮ-ਰੀਵਾਜ, ਵਿਚਾਰਧਾਰਾ, ਭਾਸ਼ਾ ਅਤੇ ਕਲਚਰ ਹਿੰਦੂਆਂ ਤੋਂ ਬਿਲਕੁਲ ਵੱਖ ਹੈ। 'ਮਹਾਨ ਕੋਸ਼' ਦਾ ਕਰਤਾ ਭਾਈ ਕਾਨ੍ਹ ਸਿੰਘ ਨਾਭਾ (ਸਫ਼ਾ 274, ਛਾਪ: 1990) ਹਿੰਦੂ ਦੀ ਪ੍ਰੀਭਾਸ਼ਾ ਬਾਰੇ ਲਿਖਦੇ ਹਨ "**ਸਿੰਧੂ (ਹਿੰਦੂ) ਨਦੀ ਦੇ ਆਸ ਪਾਸ ਰਹਿਣ ਵਾਲੇ ਉਹ ਪ੍ਰਾਚੀਨ ਲੋਕ, ਜੋ ਆਰਯ ਕਹਾਉਂਦੇ ਨੇ, ਵਿਦੇਸ਼ੀਆਂ ਨੇ ਇਨ੍ਹਾਂ ਨੂੰ ਹਿੰਦੂ ਲਿਖਿਆ ਹੈ, ਹੁਣ ਸਾਰੇ**

**ਭਾਰਤ ਵਾਸੀਆਂ ਲਈ ਇਹ ਸ਼ਬਦ ਵਰਤਿਆ ਜਾ ਸਕਦਾ ਹੈ .... ! ਅਰਬੀ ਫ਼ਾਰਸੀ ਦੇ ਕਵੀਆਂ ਨੇ ਚੋਰ, ਗ਼ੁਲਾਮ ਅਤੇ ਕਾਲੇ ਲਈ ਭੀ ਹਿੰਦੂ ਸ਼ਬਦ ਵਰਤਿਆ ਹੈ, ਇਸੇ ਲਈ ਬਹੁਤੀਆਂ ਨੇ ਕਾਲੇ ਦਾਗ (ਤਿਲ) ਨੂੰ ਹਿੰਦੂ ਰੂਪ ਲਿਖਿਆ ਹੈ।"**

ਭਾਰਤੀ ਹਿੰਦੂ ਸ਼ਾਸਤਰਾਂ ਵਿੱਚ ਜਾਤ-ਵਰਣ-ਵਿਧਾਨ ਨੂੰ ਸਵੀਕਾਰ ਕੀਤਾ ਗਿਆ ਹੈ। ਜੇਕਰ 'ਹਿੰਦੂ' ਪੁਸਤਕਾਂ ਨੂੰ ਪਾਠਕ ਵਾਚਣ ਤਾਂ ਹੈਰਾਨ ਹੋਣਗੇ ਕਿ ਬ੍ਰਾਹਮਣ ਅਤੇ ਸ਼ੂਦਰ ਬਾਰੇ ਇਨ੍ਹਾਂ ਪੁਸਤਕਾਂ ਵਿੱਚ ਕੀ-ਕੀ ਲਿਖਿਆ ਹੈ। ਲਉ! ਜ਼ਰਾ ਹਿੰਦੂ ਪੁਸਤਕਾਂ ਦੇ ਰੂ-ਬ-ਰੂ ਹੋਈਏ।

ਭਾਈ ਕਾਨ੍ਹ ਸਿੰਘ ਨਾਭਾ ਨੇ "ਹਮ ਹਿੰਦੂ ਨਹੀਂ" ਵਿੱਚ ਵਿਸਥਾਰ ਨਾਲ ਇਸ ਬਾਰੇ ਲਿਖਿਆ ਹੈ:

1. "ਜਗਤ ਵਿੱਚ ਜਿਤਨਾ ਧਨ ਹੈ, ਸਭ ਬ੍ਰਾਹਮਣ ਦਾ ਹੈ। ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰ ਕੇ ਸਭ ਕੁਝ ਗ੍ਰਹਿਣ ਕਰਨੇ ਯੋਗ ਬ੍ਰਾਹਮਣ ਹੈ। ਬ੍ਰਾਹਮਣ ਜੋ ਦੂਸਰੇ ਦਾ ਅੰਨ ਖਾਂਦਾ ਹੈ, ਕੱਪੜਾ ਪਹਿਨਦਾ ਹੈ ਜਾਂ ਕਿਸੇ ਦੀਆਂ ਚੀਜ਼ਾਂ ਹੋਰਨਾਂ ਨੂੰ ਦੇਂਦਾ ਹੈ, ਇਸ ਤੋਂ ਏਹ ਨਾ ਸਮਝੋ ਕਿ ਬ੍ਰਾਹਮਣ ਵਸਤੂ ਵਰਤਦਾ ਹੈ। ਨਹੀਂ, ਏਹ ਜੋ ਕੁਝ ਸੰਸਾਰ ਵਿੱਚ ਹੈ, ਸਭ ਬ੍ਰਾਹਮਣ ਦਾ ਹੀ ਹੈ।" (ਮਨੂ ਸਿਮ੍ਰਤੀ ਅ: 1, ਸ: 100-202)

2. "ਜੇ ਰਾਜੇ ਨੂੰ ਦੱਬਿਆ ਹੋਇਆ ਖ਼ਜ਼ਾਨਾ ਮਿਲ ਜਾਵੇ ਤਾਂ ਉਸ ਵਿੱਚੋਂ ਅੱਧਾ ਆਪ ਰੱਖੇ ਔਰ ਅੱਧਾ ਬ੍ਰਾਹਮਣ ਨੂੰ ਦੇ ਦੇਵੇ।"

(ਮਨੂ ਅ: 6, ਸ: 38)

3. "ਮੂਰਖ ਹੋਵੇ ਭਾਵੇਂ ਪੜ੍ਹਿਆ ਹੋਵੇ, ਬ੍ਰਾਹਮਣ ਵੱਡਾ ਦੇਵਤਾ ਹੈ, ਜਿਸ ਤਰ੍ਹਾਂ ਮੰਤ੍ਰਾਂ ਨਾਲ ਸੰਸਕਾਰ ਕੀਤਾ ਹੋਯਾ, ਚਾਹੇ ਬਿਨਾਂ ਮੰਤ੍ਰਾਂ ਹੀ ਅਗਨੀ ਦੇਵਤਾ ਹੈ।" (ਮਨੂ ਅ: 9, ਸ: 347)

4. "ਬ੍ਰਾਹਮਣ ਜੋ ਚੋਰੀ ਕਰੇ ਤਾਂ ਰਾਜ ਉਸ ਨੂੰ ਸਜ਼ਾ ਨਾ ਦੇਵੇ, ਕਯੋ ਕਿ ਰਾਜੇ ਦੀ ਹੀ ਨਾਲਾਯਕੀ ਕਰ ਕੇ ਬ੍ਰਾਹਮਣ ਭੁੱਖਾ ਹੋ ਕੇ ਚੋਰੀ ਕਰਦਾ ਹੈ।" (ਮਨੂ ਅ: 77, ਸ: 22)

5. "ਬ੍ਰਾਹਮਣ ਬਦ-ਚਲਨ ਭੀ ਪੂਜਣ-ਯੋਗ ਹੈ, ਸ਼ੂਦ੍ਰ ਜਿਤੇਂਦ੍ਰੀ ਭੀ ਪੂਜਣ-ਲਾਇਕ ਨਹੀਂ। ਕੌਣ ਖੱਟਰ ਗਊ ਨੂੰ ਛੱਡ ਕੇ ਸੁਸ਼ੀਲ ਗਧੀ ਨੂੰ ਚੋਂਦਾ ਹੈ?" (ਪਰਾਸਰ ਸੰਹਿਤਾ ਅ: 6)

6. "ਖੇਤੀ ਕਰਨ ਵਾਲਾ ਬ੍ਰਾਹਮਣ ਜਿਤਨੀ ਜ਼ਮੀਨ ਚਾਹੇ ਵਾਹ ਲਵੇ ਔਰ ਕਿਸੇ ਨੂੰ ਮੁਆਮਲਾ ਮਸੂਲ ਕੁਛ ਨਾ ਦੇਵੇ, ਕਿਉਂਕਿ ਸਭ ਚੀਜ਼ ਦਾ ਮਾਲਕ ਬ੍ਰਾਹਮਣ ਹੈ।" (ਬ੍ਰਿਹਤ ਮਰਾਸਰ ਸੰਹਿਤਾ ਅ: 3)

7. "ਬ੍ਰਾਹਮਣ ਵੇਦ ਵਿਰੁੱਧ ਕਰਮ ਕਰਨ ਕਰ ਕੇ ਭੀ ਦੋਸ਼ੀ ਨਹੀਂ ਹੁੰਦਾ, ਜਿਸ ਤਰ੍ਹਾਂ ਅਗਨੀ ਸਭ ਪਦਾਰਥਾਂ ਨੂੰ ਭਸਮ ਕਰਦੀ ਹੋਈ ਔਰ ਇਸਤਰੀ ਯਾਰ ਨਾਲ ਭੋਗ ਕਰ ਕੇ ਭੀ ਦੂਸ਼ਿਤ ਨਹੀਂ ਹੁੰਦੀ।"

(ਬ੍ਰਿਹਤ ਪਰਾਸਰ ਸੰਹਿਤਾ ਅ: 2 ਔਰ ਦੇਖੋ ਅਤ੍ਰਿ ਸੰਹਿਤਾ)

ਬ੍ਰਾਹਮਣ ਨੂੰ ਨਿਰਦੋਸ਼ੀ ਸਾਬਤ ਕਰਨ ਲਈ ਜੋ ਹਿੰਦੂ ਪੁਸਤਕਾਂ ਵਿੱਚ ਤਾਲੀਮ ਦਿੱਤੀ ਗਈ ਹੈ, ਇਸ ਤਰ੍ਹਾਂ ਤਾਂ ਸੱਭਿਅਤਾ ਦਾ ਭੋਗ ਹੀ ਪਾ ਦਿੱਤਾ ਗਿਆ ਹੈ। ਇੰਝ ਹਿੰਦੂ ਇਸਤ੍ਰੀਆਂ ਦਾ ਪਵਿੱਤਰ ਰਹਿਣਾ ਕਠਿਨ ਹੀ ਨਹੀਂ, ਸਗੋਂ ਅਸੰਭਵ ਹੈ। ਇਹੋ ਜਿਹੀਆਂ ਹੋਰ ਸਾਖੀਆਂ ਜੋ ਕੁਟਲ ਬ੍ਰਾਹਮਣ ਨੇ ਸਿਰਜੀਆਂ ਹਨ, ਸ਼ੂਦਰ ਬਾਰੇ ਦੁਰਦਸ਼ਾ ਦੀ ਮੂੰਹ-ਬੋਲਦੀ ਤਸਵੀਰ ਪੇਸ਼ ਕਰਦੀਆਂ ਹਨ। ਸ਼ੂਦਰਾਂ ਬਾਰੇ ਅਨੇਕਾਂ ਪ੍ਰਸੰਗ ਮਨੂ ਸਿਮਰਤੀ ਦੇ ਸ਼: 62,80,270,271-72, ਸ: 79, ਸ: 229, ਲਘੂ ਅਤ੍ਰਿ ਸੰਹਿਤਾ, ਬਾਲਮੀਕਿ ਰਾਮਾਇਣ, ਵਿਸ਼ਨੂੰ ਸਿਮਰਤੀ, ਬਿਧ੍ਰ ਅਤ੍ਰਿ ਸੰਹਿਤਾ, ਵਸ਼ਿਸ਼ਟ ਸੰਹਿਤਾ, ਆਪਸਤੰਬ ਸਿਮਰਤੀ ਆਦਿ ਪੁਸਤਕਾਂ ਵਿੱਚ ਸ਼ੂਦਰ ਨੂੰ ਨੀਵਾਂ ਵਿਖਾਣ ਦਾ ਹਰ ਯਤਨ ਕੀਤਾ ਗਿਆ ਹੈ।

ਦੂਜੇ ਪਾਸੇ ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੇ ਜਾਤ-ਵਰਣ ਦਾ ਖੰਡਨ ਹੀ ਨਹੀਂ ਕੀਤਾ ਸਗੋਂ ਖੁੱਲ੍ਹ ਕੇ ਵਿਰੋਧ ਕੀਤਾ ਗਿਆ ਹੈ। ਜਨਮ ਦੀ ਦ੍ਰਿਸ਼ਟੀ ਤੋਂ ਸਿੱਖ ਧਰਮ ਵਿੱਚ ਉਚ ਨੀਚ ਦੇ ਵਿਚਾਰਾਂ ਦੀ ਪੂਰੀ ਤਰ੍ਹਾਂ ਮਨਾਹੀ ਕੀਤੀ ਗਈ ਹੈ। ਸਿੱਖ ਧਰਮ ਵਿੱਚ ਜਾਤੀ ਦਾ ਅਭਿਮਾਨ ਕਰਨ ਵਾਲਿਆਂ ਨੂੰ ਇੱਕੋ ਸੋਮੇਂ ਤੋਂ ਪੈਦਾ ਜਨਮੇ ਦੱਸ ਕੇ ਫ਼ਿਟਕਾਰਦਾ ਹੈ; ਜਾਤ ਸਬੰਧੀ ਈਰਖਾ ਪੈਦਾ ਕਰਨ ਵਾਲਿਆਂ ਤੋਂ ਹੁਸ਼ਿਆਰ ਰਹਿਣ ਦਾ ਉਪਦੇਸ਼ ਦਿੰਦਾ ਹੈ।

'ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥

(ਗੁਰੂ ਗ੍ਰੰਥ ਸਾਹਿਬ, ਸਫ਼; 1128)

ਇਸੇ ਤਰ੍ਹਾਂ ਸਿੱਖ ਧਰਮ ਵਿੱਚ ਅਨੇਕਾਂ ਅਜਿਹੇ ਸ਼ਬਦ ਮੌਜੂਦ ਹਨ ਜਦੋਂ ਬ੍ਰਾਹਮਣ ਦੀਆਂ ਚਤੁਰ ਨੀਤੀਆਂ ਨੂੰ ਨੰਗਾ ਕਰਨ ਦੇ ਉਪਰਾਲੇ ਕੀਤੇ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੇ ਸ਼ਬਦ ਹਨ ਜਿਨ੍ਹਾਂ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਬ੍ਰਾਹਮਣ ਨੂੰ ਬਹੁਤੀ ਮਹੱਤਵ ਕਿਉਂ ਦਿੱਤੀ ਜਾਵੇ! ਕੀ ਸ਼ੂਦਰ ਦੇ ਜਿਸਮ ਵਿੱਚ ਖ਼ੂਨ ਅਤੇ ਬ੍ਰਾਹਮਣ ਦੀਆਂ ਨਾੜਾਂ ਵਿੱਚ ਦੁੱਧ ਵੱਗਦਾ ਹੈ?

"jO qUM bRwhmxu bRhmxI jwieAw ] qau Awn bwt kwhy nhI AwieAw]2]
qum kq bRwhmx hm kq sUd ] hm kq lohU qum kq dUD]3]"

(ਸ.ਫ਼ਾ 324)

ਸਿੱਖ ਧਰਮ ਵਿੱਚ ਸਾਫ਼ ਲਫ਼ਜ਼ਾਂ ਵਿੱਚ ਦੱਸਿਆ ਗਿਆ ਹੈ ਕਿ ਅਕਾਲ ਪੁਰਖ ਦੀ ਦਰਗਾਹ ਵਿੱਚ ਉੱਚੀ-ਨੀਵੀਂ ਜਾਤੀ ਦਾ ਕੋਈ ਮਹੱਤਵ ਨਹੀਂ।

"ਜਾਤਿ ਪਾਤਿ ਪੂਛੇ ਨਹੀਂ ਕੋਇ॥ ਹਰਿ ਕੋ ਭਜੇ ਸੋ ਹਰਿ ਕਾ ਹੋਇ॥"

ਨੀਵੀਂ ਸਮਝੀ ਜਾਣ ਵਾਲੀ ਜਾਤੀ-ਵਰਣ ਦਾ ਆਦਮੀ ਅਕਾਲ ਪੁਰਖ ਦੀ ਬੰਦਗੀ ਰਾਹੀਂ ਪਵਿੱਤਰ ਹੋ ਜਾਂਦਾ ਹੈ।

"ਬ੍ਰਹਮਨ ਬੈਸ ਸੂਦ ਅਰੁ ਖ੍ਯ੍ਰਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥੧॥" (ਸਫ਼ਾ 858)

ਇਹੋ ਕਾਰਣ ਹੈ ਕਿ ਸੰਸਾਰ ਦੇ ਸਾਂਝੇ ਮੈਨੀਫ਼ੈਸਟੋ ਗੁਰੂ ਗ੍ਰੰਥ ਸਾਹਿਬ ਵਿੱਚ ਅਖੌਤੀ ਨੀਵੀਆਂ ਜਾਤਾਂ, ਵਰਣਾਂ ਨਾਲ ਸਬੰਧਤ ਸੰਤਾਂ, ਮਹਾਂਪੁਰਸ਼ਾਂ ਆਦਿ ਦੇ ਤਵਾਰੀਖ਼ੀ ਪ੍ਰਸੰਗਾਂ ਨੂੰ ਉਪਰੋਕਤ ਦੀ ਪ੍ਰੋੜ੍ਹਤਾ ਵਿੱਚ ਬਖ਼ੂਬੀ ਪੇਸ਼ ਕੀਤਾ ਗਿਆ ਹੈ।

"ਸਾਧੂ ਸਰਨਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ॥੬॥ ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥ ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ॥੭॥ ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ]' (ਸਫ਼ਾ 834)

ਸਿੱਖ ਧਰਮ ਵਿੱਚ ਚਤੁਰ ਬ੍ਰਾਹਮਣ ਨੂੰ ਤਾਕੀਦ ਕੀਤੀ ਗਈ ਹੈ ਕਿ ਜੇ ਤੂੰ ਕੁਝ ਬਣਨ ਦਾ ਇੱਛਕ ਹੈ ਤਾਂ ਬ੍ਰਹਮ ਗਿਆਨੀ ਦੀ ਅਵਸਥਾ ਵਿੱਚ ਆ ਜਾ:

"ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥" (ਸਫ਼ਾ 992)

"ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥" (ਸਫ਼ਾ 662)

ਇਸ ਤਰ੍ਹਾਂ ਖੱਤਰੀ ਨੂੰ 'ਕਰਮ ਖੇਤਰ' ਵਿੱਚ ਸੂਰਮਤਾਈ ਲਈ ਪ੍ਰੇਰਣਾ ਦਾ ਉਪਦੇਸ਼ ਸਿੱਖ ਧਰਮ ਵਿੱਚ ਦਿੱਤਾ ਗਿਆ ਹੈ:

"ਖਤ੍ਰੀ ਸੋ ਜੁ ਕਰਮਾ ਕਾ ਸੂਰੁ॥" (ਸਫ਼ਾ 1411)

ਸਿੱਖ ਧਰਮ ਜਾਤੀ ਭੇਤ ਨੂੰ ਪ੍ਰਮੁੱਖ ਤੌਰ 'ਤੇ ਅਗਿਆਨਤਾ ਹੀ ਮੰਨਦਾ ਹੈ। ਇਸੇ ਜਾਤ-ਵਰਣ ਦੇ ਇੰਦਰਜਾਲ ਤੋਂ ਬਾਹਰ ਵਿਚਰ ਰਹੇ ਸਿੱਖ ਪੰਥ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ 29 ਮਾਰਚ 1699 ਨੂੰ ਅਨੰਦਪੁਰ ਸਾਹਿਬ ਵਿੱਚ 'ਖ਼ਾਲਸਾ ਪੰਥ' ਦੇ ਅੰਤਮ ਰੂਪ 'ਚ ਸਥਾਪਤ ਕਰ ਦਿੱਤਾ।

ਅੱਜ ਫਿਰ ਦੁਸ਼ਮਣ ਦੀਆਂ ਸਾਜ਼ਿਸ਼ਾਂ ਤਹਿਤ ਦੇਸ਼-ਬਦੇਸ਼ਾਂ ਵਿੱਚ ਸਿੱਖਾਂ ਨੂੰ ਜਾਤਾਂ ਦੇ ਨਾਮ 'ਤੇ ਗੁਰਦੁਆਰੇ ਬਣਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਖ਼ਾਲਸਾ ਪੰਥ ਨੂੰ ਖ਼ਬਰਦਾਰ ਰਹਿਣ ਦੀ ਜ਼ਰੂਰਤ ਹੈ ਅਤੇ ਇਸ ਦੇ ਨਿਕਲਣ ਵਾਲੇ ਭਿਆਨਕ ਸਿੱਟਿਆਂ ਤੋਂ ਸਿੱਖ ਕੌਮ ਨੂੰ ਜਾਣੂੰ ਕਰਾਉਣ ਦਾ ਗੁਰਸਿੱਖ ਬੁਧੀਜੀਵੀਆਂ, ਆਲਮਾਂ ਦਾ ਫ਼ਰਜ਼-ਅਵਲੀਨ ਬਣਦਾ ਹੈ।

*****

## ਕਿਛੁ ਸੁਣੀਐ ਕਿਛੁ ਕਹੀਐ

### 1. ਅਕਾਲ ਤਖ਼ਤ ਦੇ ਮੁੱਖ ਸੇਵਾਦਾਰ, ਜੋਗਿੰਦਰ ਸਿੰਘ ਵੇਦਾਂਤੀ, ਸਿੱਖ ਸੰਗਤਾਂ ਦੇ ਸਵਾਲਾਂ ਦਾ ਤਸੱਲੀਬਖਸ਼ ਜਵਾਬ ਗੁਰਬਾਣੀ ਦੀ ਰੌਸ਼ਨੀ 'ਚ ਦੇਣ ?

ਗੁਰਚਰਨ ਸਿੰਘ (ਜਿਉਣ ਵਾਲਾ), ਸਿੰਘ ਸਭਾ ਇੰਟਰਨੈਸ਼ਨਲ, ਬਰੈਂਪਟਨ, ਕੈਨੇਡਾ

ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਇਹ ਪ੍ਰੰਪਰਾ ਚਲਾਈ ਗਈ ਕਿ ਸਟੇਟ ਦੇ ਅੰਦਰ ਇੱਕ ਆਪਣੀ ਸਟੇਟ ਖੜ੍ਹੀ ਕੀਤੀ ਜਾਵੇ, ਆਪਣੇ ਮਸਲੇ ਆਪ ਨਜਿੱਠੇ ਜਾਣ, ਝੂਠ ਨੂੰ ਨੰਗਾ ਕੀਤਾ ਜਾਵੇ ਤੇ ਆਮ ਅਵਾਮ ਨੂੰ ਸੱਚ ਦੇ ਰਸਤੇ ਨਾਲ ਜੋੜਿਆ ਜਾਵੇ — ਜਿਸ ਦਾ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਪ੍ਰਚਾਰ ਕੀਤਾ ਜਾ ਰਿਹਾ ਸੀ। ਇਸ ਕਾਰਜ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਇੱਕ ਥੜ੍ਹਾ ਬਣਵਾਇਆ ਜਿਸ ਉੱਪਰ ਬੈਠ ਕੇ ਉਹ ਹਰ ਫਰਿਆਦੀ ਦੀ ਫਰਿਆਦ ਸੁਣਦੇ ਤੇ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਮੁਤਾਬਕ ਫ਼ੈਸਲੇ ਕਰਦੇ। ਅੱਜ ਸਿੱਖਾਂ ਦੀ ਮੁੱਖ ਧਾਰਮਕ ਸੰਸਥਾ ਦੇ ਸੇਵਾਦਾਰ ਵਜੋਂ ਤੁਸੀਂ ਇਹ ਸੇਵਾ ਨਿਭਾਅ ਰਹੇ ਹੋ।

ਅੱਜ ਕੱਲ੍ਹ ਸਿੱਖੀ ਨੂੰ ਖੋਰਾ ਚੁਤਰਫ਼ੋਂ ਲੱਗਾ ਹੋਇਆ ਹੈ। ਭਾਂਤ-ਭਾਂਤ ਦੇ ਬਾਬੇ ਤੇ ਸੰਤ — ਉਦਾਹਰਣ ਵਜੋਂ ਨਰਿੰਦਰ ਸਿੰਘ ਗਰੇਵਾਲ, ਭਨਿਆਰੇ ਵਾਲਾ ਅਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਹਨ — ਜਿਨ੍ਹਾਂ ਦੀ ਬਾਬਾਗਿਰੀ ਨੂੰ ਵਧਾਉਣ-ਫੁਲਾਉਣ (ਪਰਮੋਟ ਕਰਨ) ਲਈ ਤੁਸੀਂ ਇਹ ਦੂਜੀ ਫੇਰੀ ਪਾ ਰਹੇ ਹੋ, ਨੂੰ ਨੱਥ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿੱਚ ਤੁਸੀਂ ਕਿਹੜੇ ਕਦਮ ਚੁੱਕ ਰਹੇ ਹੋ? ਸਾਡੀ ਬੇਨਤੀ ਇਹ ਹੈ ਕਿ ਤੁਸੀਂ ਲੋਕਾਂ ਦੀ ਭਰੀ ਕਚਿਹਰੀ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ, ਸਿੱਖ ਸੰਗਤਾਂ ਦੇ ਸਵਾਲਾਂ ਦਾ ਪੂਰਨ ਤਸੱਲੀਬਖ਼ਸ਼ ਜਵਾਬ ਦਿਉ। ਸੰਗਤਾਂ ਬੜੀ ਬੇਸਬਰੀ ਨਾਲ ਤੁਹਾਡੀ ਉਡੀਕ ਕਰ ਰਹੀਆਂ ਹਨ।

ਬ੍ਰਾਹਮਣੀ ਰੀਤਾਂ ਨੂੰ ਸੈਂਕੜੇ ਸਾਲਾਂ ਤੋਂ ਸਿੱਖਾਂ ਲਈ ਗੁਰਮਤਿ ਬਣਾ ਰਹੇ *'ਗੁਰ ਬਿਲਾਸ ਪਾਤਸ਼ਾਹੀ ਛੇਵੀਂ'* ਦੀ ਪੁਨਰ ਸੰਪਾਦਨਾ ਵੇਦਾਂਤੀ ਜੀ ਨੇ ਬੜੇ ਉਚੇਚੇ ਤੌਰ 'ਤੇ ਕੀਤੀ। ਉਸ ਦੀ ਭੂਮਿਕਾ ਦੇ ਪੰਨਾ 52 'ਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਦੇ ਆਪਣੇ ਸ਼ਬਦ ਹਨ— "ਜੇਕਰ ਇਸ ਗ੍ਰੰਥ ਦੀ ਗੁਰਦੁਆਰਿਆਂ ਵਿੱਚ ਮੁੜ ਕਥਾ ਅਰੰਭ ਹੋ ਸਕੇ ਤਾਂ ਅਸੀਂ ਸਮਝਾਂਗੇ ਕਿ ਕੀਤਾ ਕਾਰਜ਼ ਸਾਰਥਕ ਹੋ ਨਿੱਬੜਿਆ।" ਦਸਤਖ਼ਤ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ। ਵੇਦਾਂਤੀ ਜੀ ਦੇ ਆਪਣੇ ਹੀ ਸ਼ਬਦਾਂ ਅਨੁਸਾਰ ਇਹ ਗ੍ਰੰਥ ਸੰਨ 1718 ਵਿੱਚ ਲਿਖਿਆ ਗਿਆ ਅਤੇ ਇਹ ਪ੍ਰਾਚੀਨ ਕਾਲ ਤੋਂ ਹੀ ਪੰਥ ਵਿੱਚ ਹਰਮਨ-ਪਿਆਰਾ ਬਣ ਚੁੱਕਿਆ ਸੀ। ਗੁਰਮਤਿ-ਵਿਰੋਧੀ ਇਸ ਗ੍ਰੰਥ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ:

1. ਵੇਦਾਂਤੀ ਜੀ, ਇਸ ਗ੍ਰੰਥ ਦੀ ਲਿਖਣ ਮਿਤੀ ਅਨੁਸਾਰ, ਤੁਹਾਡੇ ਮੁਤਾਬਕ, ਤਾਂ ਇਹ ਗ੍ਰੰਥ ਗੁਰੂ-ਕਾਲ ਤੋਂ ਬਾਅਦ ਵਿੱਚ ਹੀ ਲਿਖਿਆ ਗਿਆ ਹੈ। ਇਹ ਸਾਰੇ ਦਾ ਸਾਰਾ ਗ੍ਰੰਥ ਗੁਰਮਤਿ-ਵਿਰੋਧੀ ਹੋਣ ਦੇ ਬਾਵਜੂਦ ਵੀ ਤੁਸੀਂ ਇਸ ਗ੍ਰੰਥ ਨੂੰ '300 ਸਾਲਾ ਖ਼ਾਲਸਾ ਸਾਜਨਾ ਦਿਵਸ' ਉੱਤੇ ਸੁਗਾਤ ਵਜੋਂ ਖ਼ਾਲਸਾ ਜੀ ਨੂੰ ਭੇਟ ਕੀਤਾ। ਟਿੱਪਣੀਆਂ ਹੋਣ 'ਤੇ ਇਹੀ ਗ੍ਰੰਥ ਵਾਪਸ ਲੈਣ ਦਾ ਐਲਾਨ ਕਰ ਕੇ ਵਾਪਸ ਵੀ ਲਿਆ ਗਿਆ ਪਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਇਸੇ ਗ੍ਰੰਥ ਨੂੰ ਹੀ ਥੋੜ੍ਹੇ ਫ਼ਰਕ

ਨਾਲ ਕਿਸੇ ਹੋਰ ਨਾਮ ਥੱਲੇ ਵੇਚਿਆ ਜਾ ਰਿਹਾ ਹੈ। ਬਾਅਦ ਵਿੱਚ ਮਨਜੀਤ ਸਿੰਘ ਕਲਕੱਤਾ ਨੇ ਤਾਂ ਅਖਬਾਰਾਂ ਵਿੱਚ ਵੀ ਬਿਆਨ ਦਿੱਤੇ ਹਨ ਕਿ ਇਹ ਗ੍ਰੰਥ ਵਾਪਸ ਲਿਆ ਹੀ ਨਹੀਂ ਗਿਆ। ਗੁਰਮੁਖ ਉਹ ਹੁੰਦਾ ਹੈ ਜੋ ਬਚਨਾਂ ਦਾ ਪੂਰਾ ਹੋਵੇ। ਝੂਠਿਆਂ ਨੂੰ ਗੁਰੂ ਘਰ ਵਿੱਚ ਕੋਈ ਵੀ ਥਾਂ ਨਹੀਂ ਹੋਣੀ ਚਾਹੀਦੀ।

**ਮ: ੧ ॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥**

ਪਰ ਹੋ ਤਾਂ ਅਕਾਲ ਤਖਤ ਸਾਹਿਬ ਤੇ ਇਹੀ ਰਿਹਾ ਹੈ। ਬਚਨਾਂ ਦੇ ਕੱਚਿਆਂ ਬਾਰੇ ਗੁਰੂ ਸਾਹਿਬ ਦਾ ਫੁਰਮਾਨ ਹੈ:

**ਪਉੜੀ ॥ ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥ ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥ ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥ ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥15 ॥** [ਮ:5, ਪੰਨਾ 1099]

**ਅਰਥ:- ਜਿਸ ਮਨੁੱਖ ਨੇ ਨਿਰਭਉ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ ਤੇ ਜੋ ਮਾਇਆ ਵਿੱਚ ਹੀ ਮਸਤ ਰਹਿੰਦਾ ਹੈ, ਉਹ ਜਨਮ-ਮਰਨ ਦੇ ਗੇੜ ਵਿੱਚ ਪੈ ਜਾਂਦਾ ਹੈ; ਉਹ ਅਨੇਕਾਂ ਜੂਨਾਂ ਵਿੱਚ ਭਟਕਦਾ ਹੈ।**

**(ਮਾਇਆ ਵਿੱਚ ਮਸਤ ਮਨੁੱਖ ਜੇ ਕੋਈ) ਬਚਨ ਕਰਦਾ ਹੈ ਤਾਂ ਉਸ ਤੋਂ ਫਿਰ ਜਾਂਦਾ ਹੈ, ਸਦਾ ਝੂਠੀ ਗੱਲ ਹੀ ਕਰਦਾ ਹੈ। ਉਹ ਝੂਠਾ ਆਪਣੇ ਮਨ ਵਿੱਚੋਂ ਖਾਲੀ ਹੁੰਦਾ ਹੈ (ਉਸ ਦੀ ਨੀਯਤ ਪਹਿਲਾਂ ਹੀ ਮਾੜੀ ਹੁੰਦੀ ਹੈ, ਇਸ ਵਾਸਤੇ) ਉਸ ਦੀ (ਹਰੇਕ ਗੱਲ) ਝੂਠੀ ਹੁੰਦੀ ਹੈ, ਗੱਪ ਹੁੰਦੀ ਹੈ। ਅਜੇਹਾ ਬੰਦਾ ਝੂਠੇ ਲਾਲਚ ਵਿੱਚ ਫਸ ਕੇ ਨਿਰਵੈਰ ਬੰਦੇ ਨਾਲ ਭੀ ਵੈਰ ਕਮਾ ਲੈਂਦਾ ਹੈ, ਮੁੱਢ ਤੋਂ ਹੀ ਉਸ ਲਾਲਚੀ ਦੇ ਕੰਮਾਂ ਨੂੰ ਵੇਖ ਕੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਪਾਤਿਸ਼ਾਹ ਨੇ (ਉਸ ਦੀ ਜ਼ਮੀਰ ਨੂੰ) ਮਾਰ ਦਿੱਤਾ ਹੋਇਆ ਹੈ। ਅਜੇਹਾ ਮਨੁੱਖ ਸਦਾ ਜਮਦੂਤਾਂ ਦੀ ਤੱਕ ਵਿੱਚ ਰਹਿੰਦਾ ਹੈ, ਦੁੱਖਾਂ ਵਿੱਚ ਹੀ ਖੁਆਰ ਹੁੰਦਾ ਹੈ। ਹੇ ਨਾਨਕ ! ਸੱਚੇ ਪ੍ਰਭੂ ਦੇ ਦਰ 'ਤੇ ਧਰਮ ਦਾ ਇਨਸਾਫ਼ (ਹੀ) ਹੁੰਦਾ ਹੈ ॥15।**

ਇਹ ਸਾਰਾ ਕੁਝ ਵਾਪਰਨ ਉਪਰੰਤ ਤੁਹਾਨੂੰ ਤੇ ਮਨਜੀਤ ਸਿੰਘ ਕਲਕੱਤਾ ਨੂੰ, ਗੁਰੂ ਸਾਹਿਬ ਦੇ ਹੁਕਮਾਂ ਦੇ ਉਲਟ, ਆਪਣੀ-ਆਪਣੀ ਪਦਵੀ 'ਤੇ ਟਿਕੇ ਰਹਿਣ ਦਾ ਕੋਈ ਅਧਿਕਾਰ ਹੈ ? ਜੇ ਹੈ ਤਾਂ ਕਿਸ ਨੇ ਦਿੱਤਾ ਹੈ ?

2. ਮਾਤਾ ਗੰਗਾ ਜੀ ਦਾ ਬਾਬਾ ਬੁੱਢਾ ਜੀ ਦੀ ਬੀੜ ਤੋਂ ਗਰਭਵਤੀ ਹੋ ਕੇ ਆਉਣਾ ਤੇ ਆਉਣ 'ਤੇ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਧਨ-ਦੌਲਤ ਦੀ ਵਰਖਾ ਕਰਦੇ ਇਸ ਗ੍ਰੰਥ ਵਿੱਚ ਦਿਖਾਇਆ ਗਿਆ ਹੈ ਅਤੇ ਦਸਾਂ ਮਹੀਨਿਆਂ ਪਿੱਛੋਂ ਚਤੁਭੁਜੀ ਰੱਬ ਜੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਵਿੱਚ ਜਨਮ ਲੈਂਦੇ। ਭਾਵ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਅਰਜਨ ਪਾਤਸ਼ਾਹ ਜੀ ਦੀ ਬਿੰਦੀ ਉਲਾਦ ਨਹੀ ਹਨ। ਕੀ ਇਹ ਗੁਰਮਤਿ ਹੈ ? ਜਦੋਂ ਕਿ ਗੁਰੂ ਬਾਣੀ ਦਾ ਫੁਰਮਾਣ ਇੰਞ ਹੈ:

**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਬਿੰਬ ਬਿਨਾ ਕੈਸੇ ਕਪਰੇ ਧੋਈ ॥ ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥3 ॥**

**(ਭਗਤ ਕਬੀਰ ਜੀ, ਪੰਨਾ 872।)**

**ਜਿਵੇਂ ਮਾਂ ਪਿਉ (ਦੇ ਮੇਲ) ਤੋਂ ਬਿਨਾ ਬਾਲ ਨਹੀਂ ਜੰਮਦਾ, ਪਾਣੀ ਤੋਂ ਬਿਨਾ ਕੱਪੜੇ ਨਹੀਂ ਧੁਪਦੇ, ਘੋੜੇ ਤੋਂ ਬਿਨਾ ਮਨੁੱਖ ਅਸਵਾਰ ਨਹੀਂ ਅਖਵਾ ਸਕਦਾ, ਤਿਵੇਂ ਗੁਰੂ ਤੋਂ ਬਿਨਾ ਪ੍ਰਭੂ ਦੇ ਦਰ ਦੀ ਪ੍ਰਾਪਤੀ ਨਹੀਂ ਹੁੰਦੀ ।3।**

ਗੁਰਬਾਣੀ ਦੇ ਇਸ ਫੁਰਮਾਨ ਤੋਂ ਤੁਸੀਂ ਨਾਵਾਕਫ਼ ਨਹੀਂ ਹੋ ਸਕਦੇ। ਜਿਸ ਮਨੁੱਖ ਨੇ ਗੁਰਬਾਣੀ ਸਾਰੀ ਉਮਰ ਪੜ੍ਹੀ ਹੋਵੇ ਤੇ ਹੋਵੇ ਵੀ ਉਹ ਗੁਰੂ ਸਾਹਿਬਾਨ ਵੱਲੋਂ ਚਲਾਏ ਪੰਥ ਦਾ ਮੁੱਖ ਸੇਵਾਦਾਰ ਤੇ ਕੰਮ ਵੀ ਉਹ ਮਨੁੱਖ ਗੁਰੂ-ਬਾਣੀ ਦੇ ਹੁਕਮਾਂ ਦੇ ਉਲਟ ਕਰੇ ਉਸ ਨੂੰ ਕਿਹੜੇ ਪੈਮਾਨੇ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ ?

3. ਗੁਰੂ ਸਾਹਿਬ ਤੇ ਉਨ੍ਹਾਂ ਦੇ ਮਹਿਲ, ਮਾਤਾ ਨਾਨਕੀ ਜੀ, ਨੂੰ ਚੋਰੀ ਕਰਵਾਉਂਦੇ ਤੇ ਚੋਰੀ ਦਾ ਮਾਲ ਲੈਂਦੇ ਦਰਸਾਉਣਾ ਇਸ ਗ੍ਰੰਥ ਦੀ ਖ਼ਾਸੀਅਤ ਹੈ। ਫਿਰ ਵੀ ਤੁਸੀਂ ਕਿਹੜੀ ਗੱਲੋਂ ਇਸ ਨੂੰ ਸਿੱਖ ਪੰਥ ਲਈ ਸੁਗ਼ਾਤ ਵਜੋਂ ਪੇਸ਼ ਕੀਤਾ ?

4. ਸੇਹਲੀ-ਟੋਪੀ, ਸਫ਼ੈਦ ਦਾਹੜੇ ਸਮੇਤ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਦੋ ਵਾਰ ਜਨਮ ਲੈਣਾ ਤੇ ਮਾਤਾਵਾਂ ਦਾ ਘੁੰਡ ਕੱਢਿਆ ਦਰਸਾਉਣਾ ਕਿਹੜੀ ਗੁਰਮਤਿ ਹੈ ਜੀ ?

5. ਕਾਜੀ ਰੁਸਤਮ ਖਾਂ ਦੀ ਨਾਬਾਲਗ ਬੇਟੀ, ਕੌਲਾਂ, ਨੂੰ ਰਾਤ ਵੇਲੇ ਚੋਰੀ ਉਧਾਲ ਕੇ ਲਿਆਉਂਦੇ, ਇਹ ਗ੍ਰੰਥ, ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਰਸਾ ਰਿਹਾ ਹੈ। ਕੀ ਸਾਡੇ ਗੁਰੂ ਸਾਹਿਬ ਚੋਰ, ਡਾਕੂ ਤੇ ਲੁਟੇਰੇ ਸਨ ? ਜੇ ਨਹੀ ਤਾਂ ਤੁਸੀਂ ਇਸ ਗ੍ਰੰਥ ਦੀ ਪੁਨਰ-ਸੰਪਾਦਨਾ ਕਰ ਕੇ ਪੰਥ ਲਈ ਕਿਹੜਾ ਚੰਗਾ ਕੰਮ ਕੀਤਾ ਹੈ ਜੀ ?

6. ਦੁੱਖ ਭੰਜਨੀ ਬੇਰੀ ਹੇਠ ਇਸ਼ਨਾਨ ਕਰਨ ਨਾਲ ਮਨ-ਇੱਛੇ ਫਲ਼ਾਂ ਦੀ ਪ੍ਰਾਪਤੀ ਹੁੰਦੀ ਹੈ। ਗੁਰੂਬਾਣੀ (ਗੁਰੂ ਗ੍ਰੰਥ ਸਾਹਿਬ) ਵਿੱਚੋਂ ਸਿਰਫ਼ ਇੱਕ ਸਲੋਕ ਦਾ ਹਵਾਲਾ ਦੇ ਕੇ ਆਪਣੀ ਰਾਇ ਦੀ ਪੁਸ਼ਟੀ ਕਰੋ ਜੀ ?

7. ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਨ ਤੋਂ ਪਹਿਲਾਂ ਖੂਹ ਦੇ ਜਲ ਨਾਲ ਇਸ਼ਨਾਨ ਕਰਦੇ ਹਨ। ਕੀ ਇਹ ਗੁਰਮਤਿ ਹੈ ? ਨਹੀਂ। ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਰੋਵਰਾਂ ਤੇ ਇਸ਼ਨਾਨ ਕਰ ਕੇ ਮਨ-ਇੱਛੇ ਫਲ਼ਾਂ ਦੀ ਪ੍ਰਾਪਤੀ ਨੂੰ

ਰੱਦਦੀ ਹੈ। ਜੋ ਕੁਝ ਕਰਨਾ ਹੈ ਉਹ ਮਨ ਨੇ ਕਰਨਾ ਹੈ ਤਾਂ ਇਸ ਤਰ੍ਹਾਂ ਦੇ ਇਸ਼ਨਾਨ ਨਾਲ ਮਨ ਸਾਫ਼ ਨਹੀਂ ਹੁੰਦਾ। ਦਮਦਮੀ ਟਕਸਾਲ ਦੇ ਸਾਰੇ ਸਿੰਘ ਵੀ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰਨ ਤੋਂ ਪਹਿਲਾਂ ਆਪਣੇ-ਆਪਣੇ ਟਿਕਾਣਿਆਂ 'ਤੇ ਇਸ਼ਨਾਨ ਕਰਦੇ ਹਨ ਜੋ ਮਨਮਤਿ ਹੈ ਗੁਰਮਤਿ ਨਹੀਂ।

**ਮ:੧ ॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ ॥੨ ॥** [ਪੰਨਾ 473]

**ਅਰਥ:- ਜੋ ਮਨੁੱਖ ਮਨੋਂ ਤਾਂ ਝੂਠੇ ਹਨ ਪਰ ਬਾਹਰ ਕੂੜੀ ਇੱਜ਼ਤ ਬਣਾਈ ਬੈਠੇ ਹਨ ਅਤੇ ਜਗਤ ਵਿੱਚ ਵਿਖਾਵਾ ਬਣਾਈ ਰੱਖਦੇ ਹਨ, ਉਹ ਭਾਵੇਂ ਅਠਾਹਠ ਤੀਰਥਾਂ ਉੱਤੇ (ਜਾ ਕੇ) ਇਸ਼ਨਾਨ ਕਰਨ, ਉਹਨਾਂ ਦੇ ਮਨ ਦੇ ਕਪਟ ਦੀ ਮੈਲ ਕਦੇ ਨਹੀਂ ਉੱਤਰਦੀ।**

8. ਹੈਰਾਨੀ ਹੈ ਕਿ ਹੁਕਮਨਾਮਾ 'ਸੰਤਾ ਕੇ ਕਾਰਜ ਆਪ ਖਲੋਆ ਹਰਿ ਕਾਰ ਕਢਾਵਣ ਆਇਆ' ਗੁਰੂ ਗ੍ਰੰਥ ਸਾਹਿਬ ਦੀ ਤੁਕ "ਸੰਤਾ ਕੇ ਕਾਰਜਿ ਆਪ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ" ਨੂੰ ਵਿਗਾੜ ਕੇ ਲਿਖਿਆ ਹੈ ਤੇ ਵਿਸ਼ਨੂੰ ਨੂੰ ਸਰੋਵਰ ਦਾ ਗਾਰਾ ਕੱਢਦੇ/ਕਾਰ ਸੇਵਾ ਕਰਦੇ ਦਰਸਾਇਆ ਹੋਇਆ ਹੈ। ਜਦੋਂ ਸਾਡਾ ਇਨ੍ਹਾਂ ਦੇਵੀ-ਦੇਵਤਿਆਂ ਵਿੱਚ ਕੋਈ ਵਿਸ਼ਵਾਸ ਹੀ ਨਹੀਂ ਤਾਂ ਤੁਸੀਂ ਗੁਰੂ-ਬਾਣੀ ਦੀ ਕਿਸੇ ਇੱਕ ਤੁਕ ਨਾਲ ਇਸ ਦੀ ਪੁਸ਼ਟੀ ਕਰ ਸਕਦੇ ਹੋ ਕਿ ਕਿਸੇ ਸਵਰਗ-ਨਰਕ, ਜਿਸ ਵਿੱਚ ਵੀ ਗੁਰੂ-ਬਾਣੀ ਦਾ ਕੋਈ ਵਿਸ਼ਵਾਸ਼ ਨਹੀਂ, ਵਿੱਚੋਂ ਕੋਈ ਦੇਵਤਾ ਆ ਕੇ ਖ਼ਾਸ ਕਰ ਕੇ ਅੰਮ੍ਰਿਤਸਰ ਵਿੱਚ ਕਾਰ ਸੇਵਾ ਕਰ ਸਕਦਾ ਹੈ? ਜੇ ਇਸ ਗੱਲ ਦੀ ਪੁਸ਼ਟੀ ਗੁਰੂ-ਬਾਣੀ ਮੁਤਾਬਕ ਨਹੀਂ ਹੋ ਸਕਦੀ ਤਾਂ ਤੁਸੀਂ ਕਿਹੜੀ ਗੁਰਮਤਿ ਅਨੁਸਾਰ ਇਸ ਗ੍ਰੰਥ ਦੀ ਕਥਾ ਸਿੱਖ ਜਗਤ ਵਿੱਚ ਮੁੜ ਤੋਂ ਸ਼ੁਰੂ ਕਰਵਾਉਣਾ ਚਾਹੁੰਦੇ ਹੋ?

9. ਵਿਸ਼ਨੂੰ ਜੀ ਜਦੋਂ ਸਰੋਵਰ ਵਿੱਚੋਂ ਗਾਰ ਕੱਢ ਰਹੇ ਹੁੰਦੇ ਹਨ ਤਾਂ ਗੁਰੂ ਅਰਜਨ ਸਾਹਿਬ ਜੀ ਨੂੰ ਵਿਸ਼ਨੂੰ ਦੀ ਉਸਤਤ ਕਰਦੇ ਦਰਸਾ ਕੇ ਫਿਰ ਉਸੇ ਵਿਸ਼ਨੂੰ ਨੂੰ ਚਤ੍ਰਭੁਜੀ ਰੱਬ ਦੇ ਰੂਪ ਵਿੱਚ ਪ੍ਰਗਟ ਹੁੰਦੇ ਦਰਸਾਇਆ ਗਿਆ ਹੈ। ਗੁਰੂ-ਬਾਣੀ ਦੇ ਕਿਸੇ ਇੱਕ ਸਲੋਕ ਨਾਲ ਇਸ ਦੀ ਪੁਸ਼ਟੀ ਕਰੋ ਜੀ ਕਿ ਕੋਈ ਰੱਬ ਇਸ ਤਰ੍ਹਾਂ ਮਨੁੱਖੀ ਰੂਪ ਧਾਰਨ ਕਰ ਸਕਦਾ ਹੈ?

10. ਅੱਜ ਵੀ ਦਰਬਾਰ ਸਾਹਿਬ ਵਿੱਚ ਦੇਸੀ ਘਿਓ ਦੀ ਜੋਤ ਜਲਦੀ ਹੈ। ਹਰਿਮੰਦਰ ਦੀ ਫ਼ਰਸ਼ ਨੂੰ ਦੁੱਧ ਨਾਲ ਧੋਤਾ ਜਾਂਦਾ ਹੈ ਤੇ ਬਾਕੀ ਦੀ ਸਾਰੀ ਮਰਯਾਦਾ ਅੱਜ ਦੇ ਸਮੇਂ ਤੱਕ ਇਸ *'ਗੁਰ ਬਿਲਾਸ ਪਾਤਸ਼ਾਹੀ ਛੇਵੀਂ'* ਮੁਤਾਬਕ ਹੈ। ਜੇ ਇਹ ਸਿੱਖੀ ਅਸੂਲਾਂ ਅਨੁਸਾਰ ਹੈ ਤਾਂ ਗੁਰੂ-ਬਾਣੀ ਦਾ ਹਵਾਲਾ ਦੇ ਕੇ ਪੁਸ਼ਟੀ ਕਰੋ ਜੀ?

11. ਅਜੋਕੇ ਹਰਿਮੰਦਰ ਸਾਹਿਬ ਦੀ ਉਸਾਰੀ ਤੇ ਨਾਮ ਵੀ ਇਸ ਗ੍ਰੰਥ ਦੀ ਦੇਣ ਹਨ ਜਿਸ ਨੇ ਬਾਬੇ ਨਾਨਕ ਦੀ ਧਰਮਸ਼ਾਲ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ, ਜੋ ਸਾਡੇ ਲਈ ਵੱਧ ਪਿਆਰੀ ਸੀ ਜਾਂ ਹੋਣੀ ਚਾਹੀਦੀ ਸੀ ਪਰ ਅੱਜ-ਕੱਲ੍ਹ ਦੇ ਸਿੱਖ ਧਰਮਸ਼ਾਲ ਦੇ ਨਾਮ ਤੋਂ ਵੀ ਵਾਕਫ਼ ਨਹੀਂ। ਇਸ ਅਗਿਆਨਤਾ ਦਾ ਕਾਰਣ ਵੀ ਇਹੀ ਗ੍ਰੰਥ ਹੈ। ਫਿਰ ਇਸ ਗ੍ਰੰਥ ਨੂੰ ਤੁਸੀਂ ਕਿਹੜੀ ਕਸਵੱਟੀ ਨਾਲ ਪਰਖ ਕੇ ਕਹਿ ਰਹੇ ਹੋ ਕਿ ਇਹ ਗ੍ਰੰਥ ਸਿੱਖਾਂ ਲਈ ਅਮੋਲਕ ਹੈ?

12. ਕੇਸਗੜ੍ਹ ਸਾਹਿਬ ਦੇ ਸੇਵਾਮੁਕਤ ਮੁੱਖ ਸੇਵਾਦਾਰ ਮਨਜੀਤ ਸਿੰਘ ਦਾ ਪੱਤਰ ਸਾਡੇ ਕੋਲ ਮੌਜੂਦ ਹੈ ਜੋ ਇਹ ਸਿੱਧ ਕਰਦਾ ਹੈ ਕਿ ਵੇਦਾਂਤੀ ਜੀ ਨੇ ਪ੍ਰਸ਼ੰਸਾ ਪੱਤਰ ਉਨ੍ਹਾਂ ਵੱਲੋਂ ਆਪ ਹੀ ਲਿਖ ਕੇ ਆਪਣੀ ਕਿਤਾਬ *'ਗੁਰ ਬਿਲਾਸ ਪਾਤਸ਼ਾਹੀ ਛੇਵੀਂ'* ਵਿੱਚ ਚਮੋੜਿਆ ਹੋਇਆ ਹੈ। ਕੀ ਇਹ ਠੀਕ ਹੈ? ਗ਼ਲਤ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਦੇ ਦਸਤਖ਼ਤਾਂ ਵਾਲਾ ਖ਼ਤ ਸਾਡੇ ਕੋਲ ਹੈ। ਇਸ ਫ਼ਰੇਬ ਮੁਤਾਬਕ ਤੁਹਾਨੂੰ ਸਿੱਖਾਂ ਦੀ ਅਹਿਮ ਧਾਰਮਕ ਜਥੇਬੰਦੀ ਦਾ ਮੁੱਖ ਸੇਵਾਦਾਰ ਹੋਣ ਦਾ ਕੀ ਹੱਕ ਹੈ?

ਅਸੀਂ ਮੰਗ ਕਰਦੇ ਹਾਂ ਕਿ ਮੁੱਖ ਸੇਵਾਦਾਰ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੂੰ ਸਿੱਖ ਪੰਥ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ ਤੇ ਸਿੱਖ ਸੰਗਤਾਂ ਜੋ ਵੀ ਸਜ਼ਾ ਇਨ੍ਹਾਂ ਨੂੰ ਲਾਉਣ, ਵੇਦਾਂਤੀ ਜੀ ਨੂੰ ਸਵੀਕਾਰ ਕਰਨੀ ਚਾਹੀਦੀ ਹੈ।

ਸਿੱਖ ਸੰਗਤਾਂ ਨੂੰ ਅਪੀਲ!!

ਆਓ, ਸਾਰੇ ਰਲ ਕੇ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਨਾਲ ਵਿਚਾਰ-ਵਟਾਂਦਰਾ ਕਰੀਏ ਤੇ ਪੁੱਛੀਏ ਕਿ ਬਾਬਾ ਦਲਜੀਤ ਸਿੰਘ ਸ਼ਿਕਾਗੋ ਕਿਹੜਾ ਸਿੱਖ ਹੈ? ਸਿੱਖਾਂ ਨੂੰ ਸਿੱਖੀ ਵਿੱਚ ਆ ਚੁੱਕੇ ਨਿਘਾਰ ਤੋਂ ਮੁਕਤ ਹੋਣ ਲਈ ਇੱਕ-ਮੁੱਠ ਹੋਣਾ ਪੈਣਾ ਹੈ ਤੇ ਹੁਣ ਬੜਾ ਢੁਕਵਾਂ ਸਮਾਂ ਹੈ। ਸਿੱਖੋ!! ਲਾਮਬੰਦ ਹੋ ਜਾਓ!

*****

## 2. ਕੈਨੇਡਾ ਤੋਂ ਅਕਾਲੀ ਐਮ.ਪੀਜ਼ ਦੇ ਨਾਂ ਖੁੱਲ੍ਹੀ ਚਿੱਠੀ

ਦਾਸ ਤੁਹਾਡੇ ਸਾਰਿਆਂ ਦਾ ਧਿਆਨ ਗੁਰੂ ਅੰਗਦ ਦੇਵ ਜੀ ਦੀ ਪੰਜਵੀਂ ਸ਼ਤਾਬਦੀ, ਗੁਰੂ ਗ੍ਰੰਥ ਸਾਹਿਬ ਦੀ ਚੌਥੀ ਸ਼ਤਾਬਦੀ ਤੇ ਸਾਹਿਬਜ਼ਾਦਿਆਂ ਦੀ ਤੀਜੀ ਸ਼ਤਾਬਦੀ ਉੱਪਰ ਡਾਕ ਟਿਕਟ ਜਾਰੀ ਕਰਵਾਉਣ ਵੱਲ ਦਿਵਾਉਣਾ ਚਾਹੁੰਦਾ ਹੈ। ਤੁਸੀਂ ਕੇਂਦਰ ਸਰਕਾਰ ਦਾ ਅੰਗ ਹੋ ਪਰ ਅਜੇ ਤੱਕ ਗੁਰੂ ਅੰਗਦ ਦੇਵ ਜੀ ਦੇ ਬਾਰੇ ਡਾਕ ਟਿਕਟ ਜਾਰੀ ਨਹੀਂ ਕਰਾ ਸਕੇ। ਅਮਰੀਕਾ ਤੇ ਕੈਨੇਡਾ ਦੇ ਸਿੱਖ ਸਾਰੀ ਆਬਾਦੀ ਦਾ 1% ਹੁੰਦਿਆਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਨ। ਕੈਨੇਡਾ ਵਿੱਚ ਗੁਰਬਖਸ਼ ਸਿੰਘ ਮੱਲ੍ਹੀ (ਐਮ.ਪੀ.) ਨੇ 300 ਸਾਲਾ ਖ਼ਾਲਸਾ ਸਾਜਨਾ ਦਿਵਸ 'ਤੇ ਖੰਡੇ ਦੇ ਨਿਸ਼ਾਨ ਵਾਲੀ ਡਾਕ ਟਿਕਟ ਜਾਰੀ ਕਰਵਾ ਦਿੱਤੀ ਸੀ ਜਿਸ ਦੀਆਂ 10 ਟਿਕਟਾਂ ਦਾਸ ਦੇ ਪਾਸ ਅਜੇ

ਪਈਆਂ ਹਨ। ਇਹ ਇਕੱਲਾ ਸਰਦਾਰ ਹਰ ਸਾਲ ਪਾਰਲੀਮੈਂਟ ਵਿੱਚ ਵਿਸਾਖੀ ਦੇ ਦਿਵਸ ’ਤੇ ਅਖੰਡ ਪਾਠ ਕਰਵਾਉਂਦਾ ਹੈ ਜਿਸ ਵਿੱਚ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀ ਹਾਜ਼ਰੀ ਭਰਦੇ ਹਨ। ਜਦੋਂ ਸ੍ਰੀ ਸਿਮਰਨਜੀਤ ਸਿੰਘ ਮਾਨ ਕੈਨੇਡਾ ਗਿਆ, ਲੇਖਕ ਵੀ ਨਾਲ ਸੀ। ਪ੍ਰਧਾਨ ਮੰਤਰੀ ਬੜੇ ਸਤਿਕਾਰ ਨਾਲ ਮਾਨ ਸਾਹਿਬ ਨੂੰ ਕਿਰਪਾਨ ਸਮੇਤ ਪਾਰਲੀਮੈਂਟ ਹਾਊਸ ਵਿੱਚ ਲੈ ਕੇ ਗਿਆ। ਸ੍ਰੀ ਮਾਨ ਨੇ ਕ੍ਰਿਪਾਨ ਹੱਥ ਵਿੱਚ ਫੜ ਕੇ ਕਿਹਾ ਕਿ ਅਸੀਂ ਭਾਰਤ ਵਿੱਚ ਗ਼ੁਲਾਮ ਹਾਂ, ਇੱਥੇ ਆ ਕੇ ਆਜ਼ਾਦੀ ਦਾ ਮੂੰਹ ਵੇਖਿਆ ਹੈ। ਅਸੀਂ ਇਹ ਕਿਰਪਾਨ ਆਪਣੇ ਦੇਸ਼ ਦੀ ਪਾਰਲੀਮੈਂਟ ਵਿੱਚ ਨਹੀਂ ਲਿਜਾ ਸਕਦੇ।

ਉੱਧਰ ਅਮਰੀਕਾ ਵਿੱਜ ਇੱਕ ਸੋਢੀ ਨਾਮੀ ਪੈਟਰੋਲ ਪੰਪਾਂ ਦੇ ਮਾਲਕ ਨੂੰ ਕਿਸੇ ਮੁਸਲਮਾਨ ਦੇ ਭੁਲੇਖੇ ਗੋਲ਼ੀ ਮਾਰ ਕੇ ਹਲਾਕ ਕਰ ਦਿੱਤਾ। ਇੱਕ ਮਹੀਨੇ ਵਿੱਚ ਪਾਰਲੀਮੈਂਟ ਸੱਦ ਕੇ ਇਸ ਮਰ ਚੁੱਕੇ ਸਿੱਖ ਬਾਰੇ ਅਫ਼ਸੋਸ ਦਾ ਮਤਾ ਪਾਸ ਕਰ ਕੇ ਸਾਰੇ ਸਿੱਖਾਂ ਕੋਲੋਂ ਇਸ ਮੌਤ ਦੀ ਮੁਆਫ਼ੀ ਮੰਗੀ ਤੇ ਅੱਗੇ ਤੋਂ ਅਜਿਹਾ ਨਾ ਹੋਣ ਦਾ ਸਿੱਖਾਂ ਨੂੰ ਵਿਸ਼ਵਾਸ ਦਿਵਾਇਆ। ਕਾਤਲ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ। ਤੁਸੀਂ ਖ਼ਾਲਸੇ ਦੀ ਸਿਰਜਣਾ ਦੀ ਸ਼ਤਾਬਦੀ ’ਤੇ ਆਪਣੀਆਂ ਕੁਰਸੀਆਂ ਲਈ ਲੜਦੇ ਰਹੇ ਤੇ ਜੇਲ੍ਹਾਂ ਵਿੱਚ ਬੁੱਢੇ ਹੋ ਰਹੇ ਨੌਜਵਾਨਾਂ ਨੂੰ ਬਾਹਰ ਨਹੀਂ ਕਢਾ ਸਕੇ ਪਰ ਤੁਹਾਡਾ ਕੀ ਕਸੂਰ, ਤੁਸੀਂ ਅਣਖ ਨਾਂ ਦੀ ਚੀਜ਼ ਹੀ ਗੁਆ ਚੁੱਕੇ ਹੋ। ਤੁਹਾਨੂੰ ਕੌਮ ਨਾਲ ਕੋਈ ਸਰੋਕਾਰ ਨਹੀਂ।

ਚਰਨ ਸਿੰਘ ਬੋਰਛੀ

ਪੰਜਾਬੀ ਟ੍ਰੀਬਿਊਨ, 4 ਅਪ੍ਰੈਲ 2004 ’ਚੋਂ ਧੰਨਵਾਦ ਸਹਿਤ

*****

## 3. ਸ਼੍ਰੋਮਣੀ ਕਮੇਟੀ ਮੈਂਬਰ ਪੰਜਰਥ ਦਾ ਸਿੱਖੀ ਵਿਰੋਧੀ ਕਾਰਨਾਮਾ

ਸਿੱਖ ਕੌਮ ਦੀ ਤਰਾਸਦੀ ਇਹ ਹੈ ਕਿ ਸਿੱਖੀ ਭੇਸ ਵਿੱਚ ਬੈਠੇ ਅਕਾਲੀ ਲੀਡਰਾਂ ਨੇ ਵੋਟਾਂ ਪ੍ਰਾਪਤ ਕਰਨ ਖਾਤਰ ਸਾਨੂੰ ਬਹੁਤ ਹੀ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ ਹੈ। ਕਿਸੇ ਵੀ ਪਾਸੇ ਸਿੱਖੀ ਦਾ ਪ੍ਰਚਾਰ ਨਹੀਂ ਕਰ ਰਹੇ। ਨਸ਼ਿਆਂ ਦਾ ਰੁਝਾਨ ਸਾਡੀ ਨੌਜਵਾਨੀ ਨੂੰ ਬਰਬਾਦ ਕਰ ਰਿਹਾ ਹੈ ਜਿਸ ਕਾਰਨ ਅੱਜ ਦੀ ਨੌਜਵਾਨੀ ਪਤਿਤਪੁਣੇ ਵੱਲ ਵਧ ਰਹੀ ਹੈ ਕਿਉਂਕਿ ਸਿੱਖ ਪਨੀਰੀ ਸੇਧ ਆਪਣੇ ਇਤਿਹਾਸ, ਪ੍ਰਚਾਰਕਾਂ ਅਤੇ ਸਿੱਖ ਕੌਮ ਦੇ ਲੀਡਰਾਂ ਤੋਂ ਲੈ ਕੇ ਚੱਲਦੀ ਹੈ। ਅੱਜ ਦੇ ਸਿੱਖੀ ਭੇਸ ਵਿੱਚ ਛੁਪੇ ਹੋਏ ਗੈਰ-ਸਿਧਾਂਤਕ ਲੀਡਰਾਂ ਦੀ ਦਾਸਤਾਨ ਆਪ ਜੀ ਸਾਹਮਣੇ ਬਿਆਨ ਕਰਦਾ ਹੋਇਆ ਰੱਖ ਰਿਹਾ ਹਾਂ। ਅੱਜ ਸਿੱਖ ਕੌਮ ਦੇ ਲੀਡਰਾਂ ਵਿੱਚ ਸੁਧਾਰ ਕਰਨ ਦੀ ਇੱਕ ਬਹੁਤ ਵੱਡੀ ਲੋੜ ਹੈ।

ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੱਲੋਂ ਪੰਜਰਥ ਦੀ ਸਿੱਖੀ ਵਿਰੋਧੀ ਕਾਰਵਾਈ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿੱਚ ਲਿਆਂਦੀ ਗਈ ਹੈ। ਮੈਂਬਰ, ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਜੁਗਿੰਦਰ ਸਿੰਘ ਪੰਜਰਥ ਨੇ 26 ਜੂਨ 2001 ਨੂੰ ਅਗਰਵਾਲ ਧਰਮਸਾਲਾ, ਸਮਾਣਾ (ਪਟਿਆਲਾ) ਵਿਖੇ ਆਸ਼ੂਤੋਸ਼ (ਨੂਰਮਹਿਲੀਆ) ਦੀ ਫੋਟੋ ਅੱਗੇ ਮੱਥਾ ਟੇਕ ਕੇ ਸਿੱਖ ਸਿਧਾਂਤਾਂ ਦੀ ਅਵੱਗਿਆ ਕੀਤੀ ਹੈ ਜੋ ਬਿਲਕੁਲ ਸੱਚਾਈ ਹੈ। ਇਹ ਸਮਾਗਮ 26 ਜੂਨ ਤੋਂ ਲੈ ਕੇ 28 ਜੂਨ ਤੱਕ ਚੱਲਿਆ ਸੀ। ਜੇਕਰ ਜਥੇਦਾਰ ਪੰਜਰਥ ਵਰਗੇ ਦਾ ਇਹ ਹਾਲ ਹੈ ਤਾਂ ਸਿੱਖ ਕੌਮ ਕਿਸ ਮੋੜ ਵੱਲ ਤੁਰੇਗੀ। ਇੱਕ ਪਾਸੇ ਤਾਂ ਇਹ ਲੋਕ ਆਸ਼ੂਤੋਸ਼ ਦੇ ਸਿੱਖ ਵਿਰੋਧੀ ਕਾਰਨਾਮਿਆਂ ਦਾ ਵਿਰੋਧ ਕਰ ਰਹੇ ਹਨ, ਦੂਜੇ ਪਾਸੇ ਵੋਟਾਂ ਦੀ ਖਾਤਰ ਸਿੱਖ ਸਿਧਾਂਤਾਂ ਨੂੰ ਛਿੱਕੇ ਉੱਤੇ ਟੰਗ ਕੇ ਉਸ ਦੀ ਫੋਟੋ ਅੱਗੇ ਸਿਰ ਝੁਕਾ ਰਹੇ ਹਨ। ਇਸ ਸਬੰਧੀ ਪੰਜਰਥ ਦੀ ਆਸ਼ੂਤੋਸ਼ ਦੀ ਫੋਟੋ ਨੂੰ ਮੱਥਾ ਟੇਕਦੇ ਦੀ ਫੋਟੋ ਵੀ ਭੇਜੀ ਗਈ ਹੈ। ਇਸੇ ਤਰ੍ਹਾਂ ਗੁਰਦੇਵ ਸਿੰਘ ਬਾਦਲ ਦੀ ਲੜਕੀ ਅਤੇ ਸੀਤਲ ਸਿੰਘ ਧਰਮਕੋਟ (ਐਮ.ਐਲ.ਏ. ਅਕਾਲੀ ਦਲ ਬਾਦਲ) ਦੀ ਪਤਨੀ ਆਸ਼ੂਤੋਸ਼ ਦੀ ਅਨੁਯਾਈ ਹੈ ਜਿਸ ਬਾਰੇ ਅਖ਼ਬਾਰਾਂ ਵਿੱਚ ਪੂਰੇ ਵੇਰਵਿਆਂ ਸਹਿਤ ਜੱਗ ਜ਼ਾਹਰ ਹੋ ਚੁੱਕਾ ਹੈ। ਜਥੇਦਾਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਪੰਜਰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਲਬ ਕਰ ਕੇ ਉਸ ਖ਼ਿਲਾਫ਼ ਪੰਥਕ ਮਰਿਯਾਦਾ ਮੁਤਾਬਕ ਕਾਰਵਾਈ ਕੀਤੀ ਜਾਵੇ। ਜਥੇਦਾਰ ਪੰਜਰਥ ਦੀ ਸਿੱਖ ਪਾਰਲੀਮੈਂਟ ਦੀ ਮੈਂਬਰੀ, ਦੋਸ਼ ਸਾਬਿਤ ਹੋਣ ਤੋਂ ਬਾਅਦ ਤੁਰੰਤ ਖਾਰਜ ਕੀਤੀ ਜਾਵੇ। ਜਥੇਦਾਰ ਪੰਜਰਥ ਆਪਣੀ ਕਮਜ਼ੋਰੀ ਛੁਪਾਉਣ ਲਈ ‘ਮੈਂ ਆਸ਼ੂਤੋਸ਼ ਦੇ ਸਮਾਗਮ ਵਿੱਚ ਨਹੀਂ ਗਿਆ, ਫੋਟੋ ਡਿਜੀਟਲ ਕੈਮਰੇ ਨਾਲ ਬਣਾਈ ਹੈ’ ਦਾ ਕੋਰਾ ਝੂਠ ਬੋਲ ਕੇ ਇੱਕ ਹੋਰ ਗ਼ਲਤੀ ਕਰ ਰਹੇ ਹਨ ਜਿਸ ਦੀ ਸਜ਼ਾ ਵੀ ਮਿਲਣੀ ਚਾਹੀਦੀ ਹੈ। ਉਨ੍ਹਾਂ ਦੇ ਪਰਿਵਾਰਾਂ ਦਾ ਆਸ਼ੂਤੋਸ਼ ਦੀ ਫੋਟੋ ਅੱਗੇ ਨਮਸਕਾਰ ਕਰਨਾ ਜਾਂ ਉਸ ਦੇ ਪੈਰਾਂ ਵਿੱਚ ਬੈਠਣਾ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਸਿੱਖ ਸ਼ਹਾਦਤ ਵਿੱਚ ਪਹਿਲਾਂ ਉਸ ਬਾਰੇ ਛਪਿਆ ਸੀ ਜਿਸ ਵਿੱਚ ਇੱਕ ਸਮਾਗਮ ਦੌਰਾਨ ਪੁਲਿਸ ਵਾਲੇ, ਬਾਦਲ ਤੇ ਪੰਜਰਥ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਜੁੱਤੀਆਂ ਪਾ ਕੇ ਖੜ੍ਹੇ ਸਨ। ਆਪ ਜੀ ਸਿੱਖ ਕੌਮ ਦੇ ‘ਜਥੇਦਾਰ’ ਅਖਵਾਉਂਦੇ ਹੋ, ਉਮੀਦ ਹੈ ਇਸ ਮਸਲੇ ਨੂੰ ਗੰਭੀਰਤਾ ਨਾਲ ਲੈ ਕੇ ਅਸਲੀਅਤ ਸਿੱਖ ਕੌਮ ਦੇ ਮੂਹਰੇ ਰੱਖੋਗੇ ਅਤੇ ਦੋਸ਼ੀਆਂ ਨੂੰ ਪੰਥਕ ਮਰਿਯਾਦਾ ਮੁਤਾਬਕ ਸਜ਼ਾ ਦੇ ਕੇ ਇਨਸਾਫ਼ ਦੁਆਵੋਗੇ।

**ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੱਲੋਂ ਭੇਜੀ ਸੂਚਨਾ ’ਤੇ ਆਧਾਰਤ।**

ਸਿੱਖ ਸ਼ਹਾਦਤ ਜਨਵਰੀ 2003 ’ਚੋਂ ਧੰਨਵਾਦ ਸਹਿਤ

*****

## ਜਾਤਪਾਤ ਤੇ ਸਿੱਖ

**ਸਰਦਾਰ ਜਗਜੀਤ ਸਿੰਘ**

**[ਸਰਦਾਰ ਜਗਜੀਤ ਸਿੰਘ ਅੱਜ ਦੇ ਜ਼ਮਾਨੇ ਵਿੱਚ ਵੱਡੇ ਇਤਿਹਾਸਕਾਰ ਅਤੇ ਵੱਡੇ ਮਹਾਤਮਾ ਹੋਏ ਹਨ। ਉਹਨਾਂ ਦੀਆਂ ਕਈ ਕੀਮਤੀ ਕਿਤਾਬਾਂ ਸਿੱਖ ਪੰਥ ਦਾ ਬੌਧਿਕ ਸਰਮਾਇਆ ਹਨ। ਅੱਜ, ਜਦੋਂ**

**ਕਿ ਸਿੱਖ ਧਰਮ ਉੱਤੇ ਜਾਤ-ਪਾਤ ਦੇ ਮਸਲੇ ਨੂੰ ਲੈ ਕੇ ਕਈ ਅਣਜਾਣ ਅਤੇ ਬੇਈਮਾਨ ਉਂਗਲਾਂ ਉੱਠ ਰਹੀਆਂ ਹਨ, ਅਸੀਂ ਉਹਨਾਂ ਦੀ 'ਜਾਤ-ਪਾਤ ਤੇ ਸਿੱਖ' ਕਿਤਾਬ ਨੂੰ ਲੜੀਵਾਰ ਛਾਪਣਾ ਲਾਸਾਨੀ ਗੁਰੂ ਸਾਹਿਬਾਨ ਦੀ ਅਦੁੱਤੀ ਦੇਣ, ਜਾਤ-ਪਾਤ ਰਹਿਤ ਸਮਾਜ, ਨੂੰ ਉਜਾਗਰ ਕਰਨ ਦਾ ਸਾਧਨ ਸਮਝਦੇ ਹਾਂ। ਏਸ ਗਹਿਰ-ਗੰਭੀਰ ਕਿਤਾਬ ਦੇ ਛਾਪਣ ਨੂੰ ਅਸੀਂ 'ਵਿਸ਼ਵ ਸਿੱਖ ਬੁਲੇਟਿਨ' ਲਈ ਮਾਣ ਅਤੇ ਸਰਦਾਰ ਜਗਜੀਤ ਸਿੰਘ ਦਾ ਸਤਿਕਾਰ ਅਤੇ ਗੁਰਬਾਣੀ ਦੇ ਸੱਚ ਨੂੰ ਸ਼ਰਧਾਂਜਲੀ ਜਾਣਦੇ ਹਾਂ - ਸੰਪਾਦਕ ]**

***ਮਈ 2004 ਅੰਕ ਤੋਂ ਅੱਗੇ ਪੜ੍ਹੋ:***

ਗੁਰੂ ਨਾਨਕ ਸਾਹਿਬ ਨੇ ਆਪਣੀਆ ਪ੍ਰਚਾਰ ਉਦਾਸੀਆਂ ਪੂਰੀਆਂ ਕਰਨ ਤੋਂ ਬਾਅਦ ਕਰਤਾਰਪੁਰ ਡੇਰਾ ਲਾਇਆ। ਇਹ ਥਾਂ ਕੇਂਦਰੀ ਧਰਮਸਾਲਾ ਬਣ ਗਿਆ, ਜਿੱਥੇ ਉਹਨਾਂ ਦੇ ਪੈਰੋਕਾਰ ਉਹਨਾਂ ਦੇ ਦਰਸ਼ਨ ਕਰਨ ਲਈ ਇਕੱਠੇ ਹੁੰਦੇ। ਗੁਰੂ ਅਮਰਦਾਸ ਜੀ ਨੇ ਆਪਣੇ ਮਿਸ਼ਨ ਦਾ ਕੇਂਦਰ ਗੋਇੰਦਵਾਲ ਨੂੰ ਬਣਾਇਆ। ਉਹਨਾਂ ਨੇ ਐਸੇ ਦੋ ਸਮਾਗਮ ਨਿਸ਼ਚਿਤ ਕੀਤੇ ਜਦੋਂ ਪੰਥ ਦੇ ਆਮ ਇਕੱਠ ਵਾਸਤੇ ਦੂਰੋਂ-ਨੇੜਿਉਂ ਸਿੱਖ ਇਕੱਠੇ ਹੁੰਦੇ ਸਨ। ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਤੇ ਤਰਨ ਤਾਰਨ ਦੋ ਕੇਂਦਰ ਬਣਾਏ। ਸਮਾਂ ਪੈਣ ਤੇ ਅੰਮ੍ਰਿਤਸਰ ਸਿੱਖਾਂ ਲਈ ਉਸੇ ਤਰ੍ਹਾਂ ਦਾ ਇੱਕ ਵੱਡਾ ਕੇਂਦਰ ਬਣ ਗਿਆ ਜਿਵੇਂ ਮੁਸਲਮਾਨਾਂ ਲਈ ਮੱਕਾ ਹੈ।

ਗੁਰੂ ਨਾਨਕ ਸਾਹਿਬ ਵੱਲੋਂ ਚਲਾਈਆਂ ਗਈਆਂ ਸੰਸਥਾਵਾਂ ਨੂੰ ਮਜ਼ਬੂਤ ਕਰਨ ਤੋਂ ਇਲਾਵਾ, ਗੁਰੂ ਅੰਗਦ ਜੀ ਨੇ ਗੁਰਮੁਖੀ ਲਿਪੀ ਤਿਆਰ ਕੀਤੀ। ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਰਚਿਆ। ਇਹਨਾਂ ਦੋਹਾਂ ਕਦਮਾਂ ਨਾਲ ਸਿੱਖਾਂ ਦੀ ਵੱਖਰੀ ਹੋਂਦ ਕਾਇਮ ਕਰਨ ਵਿੱਚ ਵੱਡਾ ਵਾਧਾ ਹੋਇਆ। ਵੱਖਰੀ ਜਥੇਬੰਦੀ, ਵੱਖਰੇ ਧਾਰਮਕ ਕੇਂਦਰ, ਵੱਖਰੀ ਲਿਪੀ ਤੇ ਆਪਣੇ ਵੱਖਰੇ ਧਾਰਮਕ ਗ੍ਰੰਥ ਸਦਕਾ ਸਿੱਖ ਪੰਥ ਇੱਕ ਬਿਲਕੁਲ ਅੱਡਰਾ ਧਰਮ ਤੇ ਸਮਾਜ ਬਣ ਗਿਆ।

ਭਾਈ ਗੁਰਦਾਸ (ਜੋ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਗੋਬਿੰਦ ਸਾਹਿਬ ਦੇ ਸਮਕਾਲੀ ਸਨ) ਆਪਣੀਆਂ ਵਾਰਾਂ ਵਿੱਚ ਇਸ ਗੱਲ ਉੱਤੇ ਖਾਸ ਜ਼ੋਰ ਦੇਂਦੇ ਹਨ ਕਿ ਸਿੱਖ ਧਰਮ, ਸਿੱਖ ਸੱਭਿਆਚਾਰ ਅਤੇ ਸਿੱਖ ਪੰਥ ਹਿੰਦੂ, ਮੁਸਲਮਾਨ ਆਦਿ ਦੂਸਰੇ ਧਰਮਾਂ ਅਤੇ ਫਿਰਕਿਆਂ ਨਾਲੋਂ ਨਿਆਰਾ ਹੈ। ਉਹ ਲਿਖਦੇ ਹਨ ਕਿ ਸਿੱਖ ਪੰਥ ਬਣਿਆ ਸੀ ਜਾਤਪਾਤ ਅਤੇ ਦੂਸਰੇ ਫਿਰਕਿਆਂ ਨੂੰ ਤੋੜ ਕੇ "ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ, ਅੰਧੀ ਅੰਧੇ ਖੂਹੇ ਠੇਲੇ॥" 'ਕੀਤੋਸੁ ਅਪਣਾ ਪੰਥ ਨਿਰਾਲਾ।' ਇੱਕ ਮੁਸਲਮਾਨ ਸਮਕਾਲੀ ਮੋਹਸਨ ਫਾਨੀ ਦਾ ਹਵਾਲਾ ਅਸੀਂ ਪਹਿਲੋਂ ਭੀ ਦੇ ਚੁੱਕੇ ਹਾਂ ਕਿ ਸਿੱਖ ਹਿੰਦੂਆਂ ਦੇ ਮੰਤ੍ਰ (ਵੇਦ) ਨਹੀਂ ਪੜ੍ਹਦੇ, ਨਾ ਹੀ ਹਿੰਦੂਆਂ ਦੇ ਮੰਦਰਾਂ, ਬੁੱਤਾਂ ਅਤੇ ਅਵਤਾਰਾਂ ਦੀ ਮਾਨਤਾ ਕਰਦੇ ਹਨ। ਏਹੋ ਇਤਿਹਾਸਕਾਰ ਆਪਣੀ ਲਿਖਤ 'ਦਾਬਿਸਤਾਨਿ ਮਜ਼ਾਹਬ' ਵਿੱਚ ਏਥੋਂ ਤੱਕ ਵੀ ਲਿਖਦਾ ਹੈ ਕਿ ਦੋ ਸਿੱਖ, ਭਾਈ ਸੁਥਰਾ ਤੇ ਭਾਈ ਜਾਦੋ ਨੂੰ ਗੋਕਾ ਮਾਸ ਖਾਣ ਬਦਲੇ ਹਿੰਦੂਆਂ ਨੇ ਫੜ ਕੇ ਕਾਜ਼ੀ ਦੇ ਪੇਸ਼ ਕੀਤਾ। ਇਹ ਦੱਸਣ ਦੀ ਲੋੜ ਨਹੀਂ ਕਿ ਗਊ ਦਾ ਮਾਸ ਖਾ ਲੈਣ ਵਾਲੇ ਲਈ ਹਿੰਦੂ ਸਮਾਜ ਵਿੱਚ ਕੋਈ ਥਾਂ ਨਹੀਂ ਸੀ ਹੁੰਦੀ।

ਖ਼ਾਲਸਾ ਪੰਥ ਸਾਜ ਕੇ ਸਿੱਖਾਂ ਦਾ ਜਾਤਪਾਤੀ ਸੁਸਾਇਟੀ ਨਾਲੋਂ ਬਿਲਕੁਲ ਦੋ-ਟੁੱਕ ਨਿਖੇੜਾ ਕਰ ਦਿੱਤਾ ਗਿਆ। ਪੰਜਾਂ ਪਿਆਰਿਆਂ (ਜਿਨ੍ਹਾਂ ਨੂੰ ਸਭ ਤੋਂ ਪਹਿਲੋਂ ਦਸਮ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਅਤੇ ਜਿਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ) ਵਿੱਚੋਂ ਤਿੰਨ ਸ਼ੂਦਰ ਸਨ ਅਤੇ ਇੱਕ ਜੱਟ। ਉਸ ਸਮੇਂ ਜੱਟ ਸ਼ੂਦਰਾਂ ਦੇ ਨਾਲ ਲਗਵੀਂ ਵੈਸ਼ਾਂ ਦੀ ਸਭ ਤੋਂ ਹੇਠਲੀ ਜਾਤ ਵਿੱਚ ਮਿਥੇ ਜਾਂਦੇ ਸਨ। ਖ਼ਾਲਸੇ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤ ਛਕਣਾ ਲਾਜ਼ਮੀ ਹੈ ਅਤੇ ਅੰਮ੍ਰਿਤ ਛਕਣ ਵਾਲੇ ਨੂੰ ਪੰਜ ਪ੍ਰਣ ਕਰਨੇ ਪੈਂਦੇ ਹਨ। ਪਹਿਲਾ ਪ੍ਰਣ ਹੈ ਧਰਮ ਨਾਸ਼, ਜਿਸ ਦਾ ਮਤਲਬ ਹੈ ਕਿ ਅੰਮ੍ਰਿਤ ਛਕਣ ਵਾਲਾ ਪ੍ਰਾਣੀ ਆਪਣੇ ਪੁਰਾਣੇ ਮਜ਼ਬਾਂ, ਧਰਮਾਂ ਅਤੇ ਰਿਵਾਜਾਂ ਤੋਂ ਆਪਣੇ-ਆਪ ਨੂੰ ਤੋੜ ਲਵੇ। ਇਸ ਤਰ੍ਹਾਂ ਇੱਕ ਸਿੰਘ ਸਜਣ ਵਾਲੇ ਨੂੰ ਆਪਣੇ-ਆਪ ਨੂੰ ਹਿੰਦੂ ਧਰਮ ਨਾਲੋਂ ਤੋੜ ਕੇ ਹਿੰਦੂ ਸੁਸਾਇਟੀ ਨਾਲੋਂ ਅਲਹਿਦਾ ਹੋਣਾ ਲਾਜ਼ਮੀ ਹੈ। ਦੂਸਰਾ ਪ੍ਰਣ ਹੈ ਕਰਮ ਨਾਸ਼, ਜਿਸ ਦਾ ਅਰਥ ਹੈ ਕਿ ਅੰਮ੍ਰਿਤਪਾਨ ਕਰਨ ਵਾਲੇ ਦੇ ਸਭ ਪੁਰਾਣੇ ਕੀਤੇ ਕਰਮ ਨਾਸ਼ ਸਮਝੇ ਜਾਣ। ਬ੍ਰਾਹਮਣ ਮੱਤ ਅਨੁਸਾਰ ਆਦਮੀ ਕਰਮਾਂ ਦੇ ਗੇੜ ਵਿੱਚ ਫਸਿਆ ਹੋਣ ਕਰਕੇ ਆਪਣੀ ਜਾਤ ਵਿੱਚ ਜਨਮ ਲੈਂਦਾ ਤੇ ਬੱਝਿਆ ਹੋਇਆ ਹੈ। ਕਰਮ ਨਾਸ਼ ਦਾ ਪ੍ਰਣ ਇਸਤਰ੍ਹਾਂ ਕਰਮਾਂ ਦੇ ਗੇੜ੍ਹ ਦੇ ਭਰਮ ਨੂੰ ਕੱਟ ਕੇ ਖ਼ਾਲਸੇ ਨੂੰ ਜਾਤ-ਪਾਤੀ ਸੁਸਾਇਟੀ ਨਾਲੋਂ ਕੱਟਦਾ ਹੈ। ਤੀਸਰਾ ਪ੍ਰਣ ਹੈ ਕੁਲ ਨਾਸ਼ ਦਾ। ਇਹ ਪ੍ਰਣ ਸਿੰਘ ਨੂੰ ਜਾਤਪਾਤੀ ਸੁਸਾਇਟੀ ਨਾਲੋਂ ਸਿੱਧੇ ਮੱਥੇ ਠੋਕ ਵਜਾ ਕੇ ਤੋੜਦਾ ਹੈ ਕਿਉਂਕਿ ਜਾਤ-ਪਾਤ ਦਾ ਮੁੱਢਲਾ ਬੁਨਿਆਦੀ ਅਸੂਲ ਇਹ ਹੈ ਕਿ ਜੀਵ ਦੀ ਜਾਤ ਦਾ ਫ਼ੈਸਲਾ ਇਹ ਗੱਲ ਕਰਦੀ ਹੈ ਕਿ ਓਹ ਕਿਸ ਕੁਲ ਵਿੱਚ ਪੈਦਾ ਹੋਇਆ ਹੈ। ਜੇ ਕੁਲ ਨਾਲੋਂ ਟੁੱਟ ਜਾਏ, ਉਸ ਦੀ ਜਾਤ ਕਿਹੜੀ ? ਚੌਥਾ ਪ੍ਰਣ ਸ਼ਰਮ ਨਾਸ਼ ਦਾ ਅਰਥਾਤ ਕੰਮ ਕਾਜ ਤੇ ਕਿੱਤਿਆਂ ਨਾਲ ਸਬੰਧਤ ਵਿਤਕਰਿਆਂ ਦਾ ਨਾਸ਼। ਕੰਮਕਾਜ ਤੇ ਕਿੱਤਿਆਂ ਨਾਲ ਬ੍ਰਹਮਣ ਮੱਤ ਵੱਲੋਂ ਜੋੜੇ ਹੋਏ ਵਿਤਕਰੇ ਜਾਤ-ਪਾਤ ਦਾ ਇੱਕ ਵੱਡਾ ਥੰਮ੍ਹ ਹਨ। ਕਿਸਾਨ ਏਸ ਲਈ ਨੀਵੇਂ ਸਨ ਕਿਉਂਕਿ ਓਹ ਆਪਣੀ ਹੱਥੀਂ ਹੱਲ ਵਾਹੁੰਦੇ ਸਨ। ਚਮਿਆਰ ਏਸ ਲਈ ਕਿ ਉਹ ਖਲ੍ਹਾਂ ਤੋਂ ਜੁੱਤੀਆਂ ਆਦਿ ਬਣਾਉਂਦੇ ਸਨ। ਚੂੜ੍ਹੇ ਇਸ ਲਈ ਕਿ ਉਨ੍ਹਾਂ ਦਾ ਗੋਬਰ/ਵਿਸ਼ਟੇ ਨਾਲ ਵਾਹ ਪੈਂਦਾ ਸੀ। ਸ਼ਰਮ ਨਾਸ਼ ਦਾ ਪ੍ਰਣ ਲੈ ਕੇ ਸਿੰਘ, ਜਾਤ-ਪਾਤੀ ਸੁਸਾਇਟੀ ਦੇ ਇੱਕ ਵੱਡੇ

ਸੰਗਲ ਤੋਂ ਨਿੱਖੜਦਾ ਹੈ। ਪੰਜਵਾਂ ਪ੍ਰਣ ਹੈ ਭਰਮ ਨਾਸ਼ ਦਾ। ਹਿੰਦੂ ਸੁਸਾਇਟੀ ਦੀਆਂ ਰਹੁ ਰੀਤਾਂ, ਭਿੱਟਾਂ ਅਤੇ ਵਿਵਰਜਤਾਂ ਜਿਨ੍ਹਾਂ ਭਰਮਾਂ ਉੱਤੇ ਉਸਰੀਆਂ ਹੋਈਆਂ ਹਨ, ਉਨ੍ਹਾਂ ਭਰਮਾਂ ਦਾ ਨਾਸ਼ ਕਰ ਕੇ ਅੰਮ੍ਰਿਤਧਾਰੀ ਜਾਤ-ਪਾਤੀ ਸੁਸਾਇਟੀ ਦੇ ਇੱਕ ਹੋਰ ਵੱਡੇ ਜੰਜਾਲ ਨਾਲੋਂ ਆਪਣੇ-ਆਪ ਨੂੰ ਤੋੜਦਾ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਛਕਾਇਆ ਤਾਂ ਉਨ੍ਹਾਂ ਦੇ ਜਾਤਪਾਤੀ ਵਿਚਾਰਧਾਰਾ ਤੇ ਸੁਸਾਇਟੀ ਨਾਲੋਂ ਖ਼ਾਲਸੇ ਨੂੰ ਅਲੱਗ-ਥਲੱਗ ਕਰਨ ਸਬੰਧੀ ਉਪਦੇਸ਼ ਦਾ ਸਾਰ-ਅੰਸ਼ (ਜਿਸ ਦੀ ਪੁਸ਼ਟੀ ਕੁਇਰ ਸਿੰਘ ਕਰਦਾ ਹੈ) ਅਸੀਂ ਪਹਿਲਾਂ ਦੇ ਚੁੱਕੇ ਹਾਂ। ਹਿੰਦੂ ਰਾਜਿਆਂ ਨੇ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ ਕਿ "ਉਸ (ਗੁਰੂ ਸਾਹਿਬ) ਨੇ ਹਿੰਦੂ ਅਤੇ ਮੁਸਲਮਾਨ ਮੱਤ ਤੇ ਰਹੁਰੀਤਾਂ ਤਿਆਗ ਕੇ ਇੱਕ ਆਪਣਾ ਹੀ ਪੰਥ ਚਲਾ ਲਿਆ ਹੈ। ਚਾਰੇ ਜਾਤਾਂ ਤੋੜ ਕੇ ਖ਼ਾਲਸਾ ਪੰਥ ਬਣਾ ਲਿਆ ਹੈ।" ਇੱਕ ਹੋਰ ਅਰਥ ਭਰਪੂਰ ਗੱਲ ਇਹ ਹੈ ਕਿ ਆਰੀਆਂ ਦੀਆਂ ਉੱਚੀਆਂ ਜਾਤਾਂ ਨੂੰ ਵੀ ਹਿੰਦੂ ਸੁਸਾਇਟੀ ਵਿੱਚ ਸ਼ਾਮਲ ਹੋਣ ਲਈ ਜਨੇਊ ਧਾਰਨ ਕਰਨਾ ਪੈਂਦਾ ਸੀ। ਬਾਲਗ ਹੋਣ ਉੱਤੇ ਜਨੇਊ ਪਹਿਨਣ ਦੀ ਰਸਮ ਹਰ ਇੱਕ ਹਿੰਦੂ ਪੁਰਸ਼ ਨੂੰ ਕਰਨੀ ਪੈਂਦੀ ਸੀ ਅਤੇ ਇਸ ਰਸਮ ਨੂੰ ਪੁਨਰ ਜਨਮ ਕਿਹਾ ਜਾਂਦਾ ਸੀ। ਪੁਨਰ ਜਨਮ ਇਸ ਵਾਸਤੇ ਕਿ ਪਹਿਲੀ ਵੇਰ ਤਾਂ ਹਿੰਦੂ ਜਨਮ ਕਰਕੇ ਆਰੀਆ ਸੁਸਾਇਟੀ ਵਿੱਚ ਸ਼ਾਮਲ ਸੀ ਅਤੇ ਜਨੇਊ ਦੀ ਰਸਮ ਕਰਕੇ ਦੂਜੀ ਵੇਰ (ਦਵਿਜਯਾ) ਆਰੀਆ ਸੁਸਾਇਟੀ ਅਰਥਾਤ ਵਰਨ-ਆਸ਼ਰਮ-ਧਰਮ ਵਿੱਚ ਸ਼ਾਮਲ ਕੀਤਾ ਜਾਂਦਾ। ਜੋ ਜਨੇਊ ਦੀ ਰਸਮ ਨਾ ਕਰਦੇ ਉਨ੍ਹਾਂ ਨੂੰ ਵਰਾਇਤ ਅਰਥਾਤ ਗ਼ੈਰ ਆਰੀਆ ਕਿਹਾ ਜਾਂਦਾ। ਅੰਮ੍ਰਿਤ ਛਕਣ ਦੀ ਰਸਮ ਨੂੰ ਵੀ ਪੁਨਰ-ਜਨਮ ਕਿਹਾ ਜਾਂਦਾ ਹੈ। ਪਰ ਇਹ ਪੁਨਰ ਜਨਮ ਹਿੰਦੂ ਸੁਸਾਇਟੀ ਵਿੱਚੋਂ ਨਿਕਲ ਕੇ ਜਾਤਪਾਤ ਰਹਿਤ ਖ਼ਾਲਸਾ ਪੰਥ ਵਿੱਚ ਨਵਾਂ ਜਨਮ ਲੈਣ ਦਾ ਸੰਕੇਤ ਹੈ, ਜਿੱਥੇ ਕਿ ਜਨੇਊ ਪਹਿਨਣਾ ਜਾਤਪਾਤੀ ਸੁਸਾਇਟੀ ਵਿੱਚ ਦੋਬਾਰਾ ਸ਼ਾਮਲ ਹੋਣ ਦਾ ਚਿੰਨ੍ਹ ਹੈ। ਦਸਮ ਗੁਰੂ ਜੀ ਨੇ ਜਨੇਊ ਨੂੰ ਪਰ੍ਹੇ ਸੁਟਾ ਕੇ ਅੰਮ੍ਰਿਤ ਛਕਾਇਆ ਤਾਂ ਕਿ ਜਾਤੀਪਾਤੀ ਸਮਾਜ ਤੋਂ ਅਲਹਿਦਗੀ ਦੀ ਪੱਕੀ ਮੋਹਰ ਲਾਈ ਜਾਏ। ਸਮਕਾਲੀ ਗੁਰ ਸ਼ੋਭਾ ਗ੍ਰੰਥ ਵਿੱਚ ਲਿਖਿਆ ਹੈ ਕਿ ਅੰਮ੍ਰਿਤ ਛਕਾਉਣ ਦੀ ਰਸਮ ਵੇਲੇ ਓਹ ਬ੍ਰਾਹਮਣ ਅਤੇ ਖੱਤਰੀ ਸ਼ਾਮਲ ਨਾ ਹੋਏ ਜੋ ਪਿਤਾ-ਪੁਰਖੀ ਨੂੰ ਤਿਲਾਂਜਲੀ ਦੇਣ ਨੂੰ ਤਿਆਰ ਨਹੀਂ ਸਨ।

ਅਠਾਰ੍ਹਵੀਂ ਸਦੀ ਦੀ ਸਿੱਖ ਰਵਾਇਤ ਵੱਖ-ਵੱਖ ਲਿਖਾਰੀਆਂ ਵੱਖ-ਵੱਖ ਵਕਤਾਂ ਉੱਤੇ ਦਰਜ ਕੀਤੀ ਹੈ। ਤਫ਼ਸੀਲ ਵਿੱਚ ਛੋਟੇ-ਮੋਟੇ ਫਰਕਾਂ ਨੂੰ ਛੱਡ ਕੇ ਇਹ ਸਿੱਖ ਰਵਾਇਤ ਇਸ ਨੁਕਤੇ ਉੱਤੇ ਇੱਕ ਰਾਏ ਦੀ ਹੈ ਕਿ ਖ਼ਾਲਸਾ ਪੰਥ ਜਾਤਪਾਤੀ ਵਿਚਾਰਧਾਰਾ ਅਤੇ ਸੁਸਾਇਟੀ ਤੋਂ ਕਤੱਈ ਅਲੱਗ-ਥਲੱਗ ਹੋ ਗਿਆ। ਰਹਿਤਨਾਮੇ ਭਾਵੇਂ ਇਤਿਹਾਸਕ ਲਿਖਤ ਨਹੀਂ ਹਨ ਪਰ ਉਸ ਸਮੇਂ ਦੇ ਪ੍ਰਚੱਲਤ ਸਿੱਖ ਸੱਭਿਆਚਾਰ (ਕਲਚਰ) ਅਤੇ ਰਹਿਤ ਮਰਯਾਦਾ ਦਾ ਸੰਕੇਤ ਦੇਂਦੇ ਹਨ। "ਚਾਰ ਬਰਨ ਇਕ ਬਰਨ ਕਰਾਉਂ।" ਅਤੇ "ਜੇ ਬ੍ਰਾਹਮਣ ਮਾਨਤੇ ਹੈਂ ਤਿਨ ਕੀਆਂ ਕੁਲੀਂ ਨਰਕਿ ਜਾਤੀਆਂ ਹੈਨਿ।" "ਜੋ ਸਿੱਖ ਗਲ ਮਾਹ ਤਾਗਾ (ਜਨੇਊ) ਮੇਲੈ। ... ਸੋ ਸਿੱਖ ਕੁੰਭੀ ਨਰਕ ਸਿਧਾਵੇ।" "ਮੜ੍ਹੀ ਗੋਰ ਦੇਵਲ ਜੋ ਮਾਨੈ। ਪਰ ਪੰਥ ਕੋ ਉਚ ਬਖਾਨੈ। ਸੋ ਸਾਕਤ ਗੁਰ ਕਾ ਸਿਖ ਨਾਹੀਂ।" "ਟੋਪੀ ਦੇਖਿ ਨਿਵਾਵਹਿ ਸੀਸ, ਸੋ ਸਿਖ ਨਰਕੀ ਬਿਸਵੈ ਬੀਸ।" "ਛੇ ਦਰਸ਼ਨ ਕੀ ਜੋ ਮਤੁ ਧਾਰੇ। ਕੁਲ ਸੰਬੂਹ ਲੈ ਨਰਕ ਸਿਧਾਰੈ।" "ਸਤਿਗੁਰੂ ਕੀ ਬਾਣੀ ਬਿਨਾ ਰਸਨਾ ਰਟਹਿ ਜੋ ਹੋਰ, ਸੋ ਮਾਰਿਆ ਕਰਤਾਰ ਕਾ, ਪੜਾ ਨਰਕਿ ਮਧ ਘੋਰ।" "ਜੋ ਗਲ ਮੈ ਪਾਵੇਗਾ ਤਾਗਾ (ਜਨੇਊ) ਪਾਹੁਲੀਆ ਸਿੰਘ, ਤਿਸ ਕੋ ਜਨਮ ਜਨਮ ਕੁੰਭ ਨਰਕ ਮੈ ਪਾਵਾਂਗਾ। .... ਮੁਸਲਮਾਨ ਹਿੰਦੂ ਕੀ ਆਣ ਮੇਟੈ।" "ਬ੍ਰਹਮੇ ਅਤੇ ਮੁਹੰਮਦ ਕੀ ਕਾਣ ਨਾ ਕਰੈ। ਆਪਣੇ ਗੁਰਾਂ ਕਾ ਬਚਨ ਮੰਨੇ।" ਦਸਮ ਗੁਰੂ ਜੀ ਦਾ ਹਜ਼ੂਰੀ ਸਿੱਖ ਤਿੰਨ ਅੱਡ-ਅੱਡ ਥਾਵਾਂ ਉੱਤੇ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਅੰਮ੍ਰਿਤ ਛਕਾਇਆ ਪੰਥ ਨੂੰ ਨਿਖੇੜਨ ਲਈ। "ਖ਼ਾਲਸਾ ਸੋ ਜੋ ਲਏ ਨ ਦਾਨ। ਤੁਰਕ ਹਿੰਦੂ ਰਖੈ ਨ ਆਨ।" ਕੇਸਰ ਸਿੰਘ ਛਿੱਬਰ (ਜੋ ਬ੍ਰਾਹਮਣ ਜਾਤੀ ਵਿੱਚੋਂ ਸਿੱਖ ਬਣਿਆ, ਜਿਸ ਦੀ ਲਿਖਤ ਵਿੱਚੋਂ ਬ੍ਰਾਹਮਣ-ਮੱਤ ਦੇ ਸੰਸਕਾਰਾਂ ਦੀ ਝਲਕ ਪੈਂਦੀ ਹੈ) ਲਿਖਦਾ ਹੈ (1757) ਕਿ "ਤੀਸਰਾ ਅਪਨਾ ਪੰਥ ਨਿਆਰਾ ਕਰ ਲੀਤਾ। ਹਿੰਦੂ ਮੁਸਲਮਾਨ ਦੋਹਾਂ ਨੂੰ ਤੋੜ ਤੀਸਰਾ ਬਣਾਈਐ।" ਸੁੱਖਾ ਸਿੰਘ (1797) ਆਪਣੇ ਗੁਰਬਿਲਾਸ ਵਿੱਚ ਲਿਖਦਾ ਹੈ ਕਿ ਸ਼ੂਦਰ, ਵੈਸ਼, ਖੱਤਰੀ ਅਤੇ ਬ੍ਰਾਹਮਣਾਂ ਨੇ ਸਾਂਝਾ ਭੋਜਨ ਕੀਤਾ। ਵੇਦਾਂ ਦਾ ਧਰਮ ਤਿਆਗ ਦਿੱਤਾ। ... ਹਿੰਦੂਆਂ ਦੇ ਸਾਰੇ ਧਰਮ ਤਿਆਗ ਕੇ ਇੱਕ ਪਵਿੱਤ੍ਰ ਖ਼ਾਲਸਾ ਸਾਜਿਆ ਗਿਆ। ਭਾਈ ਗੁਰਦਾਸ (ਦੂਜੇ) ਆਪਣੀ ਵਾਰ ਵਿੱਚ ਲਿਖਦੇ ਹਨ: "ਬੇਦ ਪੁਰਾਨ ਖਟ ਸਾਸਤ੍ਰਾਂ ਫੁਨ ਮਿਟੀ ਕੁਰਾਨਾ। ... ਮੀਰ ਪੀਰ ਸਭ ਛਪਿ ਗਏ ਮਜ਼੍ਹਬੋ ਉਲਟਾਨਾ। ... ਇਹ ਤੀਸਰ ਮਜ਼ਹਬ ਖ਼ਾਲਸਾ ਉਪਜਿਓ ਪਰਧਾਨਾ।"

*****

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਗੁਰਤੇਜ ਸਿੰਘ ਦੁਆਰਾ, ਸਵੀਤਾਰ ਪ੍ਰੈਸ, 819-20, ਇੰਡਸਟਰੀਅਲ ਏਰੀਆ, ਚੰਡੀਗੜ੍ਹ ਤੋਂ ਛਪਵਾ ਕੇ ਐਸ.ਸੀ.ਓ. 60-61, ਸੈਕਟਰ 17-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ ਗਿਆ।